ਕੈਨੇਡਾ ਪੰਜਾਬ ਲਿੰਕ

52 YEARS OF EXCELLENCE — THE LINK GROUP — 1972 – 2024

WEEKLY NEWSPAPER

VOL. : 12 ISSUE : 17 SATURDAY, 27 APRIL, 2024

www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com


# ਨਵੰਬਰ ਤਕ ਆਰ.ਸੀ.ਐਮ.ਪੀ. ਦੀ ਥਾਂ ਲੈ ਲਵੇਗੀ ਸਰੀ ਪੁਲਿਸ ਸਰਵਿਸ-ਫਾਰਨਵਰਥ

## ਮੰਗਲਵਾਰ ਦਾ ਐਲਾਨ ਸਰੀ ਖ਼ਿਲਾਫ਼ ਬਦਲਾਖੋਰੀ ਵਾਂਗ ਲਗਦਾ-ਬਰੈਂਡਾ ਲੋਕ

ਵੈਨਕੂਵਰ-ਜਨਤਕ ਸੁਰੱਖਿਆ ਬਾਰੇ ਮੰਤਰੀ ਮਾਈਕ ਫਾਰਨਵਰਥ ਨੇ ਦੱਸਿਆ ਕਿ 29 ਨੌਵਬਰ 2024 ਨੂੰ ਸਰੀ ਪੁਲਿਸ ਸਰਵਿਸ ਸ਼ਹਿਰ ਦੀ ਅਧਿਕਾਰਤ ਪੁਲਿਸ ਵਜੋਂ ਆਰਸੀਐਮਪੀ ਦੀ ਥਾਂ ਲੈ ਲਵੇਗੀ ਅਤੇ ਟਰਾਂਜੀਸ਼ਨ ਢਾਈ ਸਾਲ ਦੇ ਅੰਦਰ ਅੰਦਰ ਮੁਕੰਮਲ ਹੋ ਜਾਵੇਗੀ। ਇਸੇ ਦੌਰਾਨ ਸਰੀ ਦੀ ਮੇਅਰ ਬਰੈਂਡਾ ਲੋਕ ਨੇ ਫਾਰਨਵਰਥ 'ਤੇ ਸਰੀ ਵਾਸੀਆਂ ਖਿਲਾਫ ਇਕ ਤਰ੍ਹਾਂ ਦੀ ਬਦਲਾਖੋਰੀ ਵਿਚ ਸ਼ਾਮਿਲ ਹੋਣ ਦਾ ਦੋਸ਼ ਲਗਾਇਆ ਹੈ ਅਤੇ ਮੈਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਕਿ ਉਹ ਇਸ ਤਰ੍ਹਾਂ ਕਿਉਂ ਕਰ ਰਹੇ ਹਨ। ਉਹ ਚਾਹੁੰਦੀ ਹੈ ਕਿ ਉਹ ਸਾਨੂੰ ਇਸ ਬਾਰੇ ਦੱਸਣ ਕਿਉਂਕਿ ਜਿਥੋਂ ਤਕ ਉਹ ਦੇਖਦੀ ਹੈ ਉਸ ਨੂੰ ਇਸ ਦਾ ਕੋਈ ਚੰਗਾ ਕਾਰਨ ਨਹੀਂ ਦਿਸਦਾ। ਵੈਨਕੂਵਰ ਵਿਚ ਇਕ ਪ੍ਰੈਸ ਕਾਨਫਰੰਸ ਵਿਖੇ ਫਾਰਨਵਰਥ ਨੇ ਇਸ ਵੱਡੇ ਮੀਲ ਪੱਥਰ ਦਾ ਖੁਲਾਸਾ ਕੀਤਾ ਜਿਸ ਮੁੱਦੇ 'ਤੇ ਲਗਪਗ 6 ਸਾਲਾਂ ਤੋਂ ਤਿੱਖੀ ਬਹਿਸ ਹੋ ਰਹੀ ਹੈ। ਜਦੋਂ ਤਕ ਟਰਾਂਜੀਸ਼ਨ ਮੁਕੰਮਲ ਨਹੀਂ ਹੋ ਜਾਂਦੀ ਉਦੋਂ ਤਕ ਬੀਸੀ ਆਰਸੀਐਮਪੀ ਸਰੀ ਵਿਚ ਸਰੀ ਪੁਲਿਸ ਸਰਵਿਸ ਨੂੰ ਆਰਜ਼ੀ ਸਹਾਇਤਾ ਮੁਹੱਈਆ ਕਰੇਗੀ। ਆਉਣ ਵਾਲੇ ਹਫ਼ਤਿਆਂ ਵਿਚ ਉਹ ਸਰੀ ਸਿਟੀ ਨੂੰ ਨੋਟਿਸ ਜਾਰੀ ਕਰਨਗੇ ਜਿਹੜਾ ਆਰਸੀਐਮਪੀ ਦੀ ਸਰੀ ਦੀ ਅਧਿਕਾਰਤ ਪੁਲਿਸ ਵਜੋਂ ਵਰਤੋਂ ਲਈ ਸ਼ਹਿਰ ਦਾ ਸੂਬੇ ਨਾਲ ਮਿਊਂਸਪਲ ਪੁਲਿਸ ਯੂਨਿਟ ਸਬੰਧੀ ਹੋਇਆ ਸਮਝੌਤਾ ਖਤਮ ਕਰ ਦੇਵੇਗਾ। ਇਸ ਦੇ ਨਾਲ ਹੀ ਸਰੀ ਆਰਸੀਐਮਪੀ ਮਿਊਂਸਪਲ ਯੂਨਿਟ ਨੂੰ ਫੈਡਰਲ ਸਰਕਾਰ ਨਾਲ




ਸੂਬੇ ਦੇ ਪੁਲਿਸ ਸਮਝੌਤੇ ਤੋਂ ਹਟਾ ਦਿੱਤਾ ਜਾਵੇਗਾ। ਇਸ ਨਾਲ ਸਰੀ ਵਿਚ ਪੁਲਿਸ ਪ੍ਰਬੰਧ ਅਤੇ ਕਾਨੂੰਨ ਲਾਗੂ ਕਰਨ ਦੀ ਜ਼ਿੰਮੇਵਾਰੀ ਆਰਸੀਐਮਪੀ ਤੋਂ ਲੈ ਕੇ ਸਰੀ ਪੁਲਿਸ ਸਰਵਿਸ ਨੂੰ ਦੇ ਦਿੱਤੀ ਜਾਵੇਗੀ। ਲੋਕ ਨੇ ਇਸ ਨੂੰ ਚਿੰਤਾ ਵਾਲੀ ਗੱਲ ਆਖਦਿਆਂ ਕਿਹਾ ਕਿ ਫਾਰਨਵਰਥ ਨੇ ਇਹ ਕੰਮ ਆਰਸੀਐਮਪੀ ਦੀ ਥਾਂ ਸਰੀ ਪੁਲਿਸ ਸਰਵਿਸ ਲਿਆਉਣ ਦੇ ਸੂਬਾ ਮੰਤਰੀ ਦੇ ਹੁਕਮ ਨੂੰ ਰੱਦ ਕਰਨ ਲਈ ਸਰੀ ਸ਼ਹਿਰ ਦੀ ਪਟੀਸ਼ਨ 'ਤੇ ਅਦਾਲਤ ਵਿਚ ਸੁਣਵਾਈ ਤੋਂ ਤਿੰਨ ਦਿਨ ਪਹਿਲਾਂ ਕੀਤਾ ਹੈ। ਪਟੀਸ਼ਨ 'ਤੇ ਪੰਜ ਦਿਨਾਂ ਸੁਣਵਾਈ ਵੈਨਕੂਵਰ ਵਿਚ ਬੀਸੀ ਸੁਪਰੀਮ ਕੋਰਟ ਵਿਚ ਜਸਟਿਸ ਕੇਵਿਨ ਲੂ ਦੇ ਸਾਹਮਣੇ 29 ਅਪ੍ਰੈਲ ਤੋਂ ਸ਼ੁਰੂ ਹੋਵੇਗੀ। ਉਨ੍ਹਾਂ ਨਾਉ ਲੀਡਰ ਨੂੰ ਦੱਸਿਆ ਕਿ ਜੇਕਰ ਉਨ੍ਹਾਂ ਕੋਲ ਕੋਈ ਯੋਜਨਾ ਸੀ ਤਾਂ ਉਨ੍ਹਾਂ ਨੂੰ ਸ਼ਾਇਦ ਪੰਜ ਸਾਲ ਪਹਿਲਾਂ ਕੁਝ ਨਾ ਕੁਝ ਕਰਨਾ ਚਾਹੀਦਾ ਸੀ ਪਰ ਅਜੇ ਤਕ ਕੋਈ ਯੋਜਨਾ ਨਹੀਂ। ਉਧਰ ਫਾਰਨਵਰਥ ਨੇ ਕਿਹਾ ਕਿ ਅਦਾਲਤੀ ਮਾਮਲੇ ਦਾ ਟਰਾਂਜੀਸ਼ਨ 'ਤੇ ਅਸਰ ਨਹੀਂ ਪਵੇਗਾ। ਇਹ ਫ਼ੈਸਲੇ ਨੂੰ ਉਲਟਾਉਣ ਵਾਲਾ ਨਹੀਂ ਜਿਹੜਾ ਕੀਤਾ ਗਿਆ ਸੀ ਅਤੇ ਸਾਨੂੰ ਆਪਣੇ ਪੱਖ 'ਤੇ ਭਰੋਸਾ ਹੈ ਅਤੇ ਜੇਕਰ ਫ਼ੈਸਲਾ ਉਲਟ ਹੁੰਦਾ ਹੈ ਤਾਂ ਸੂਬੇ ਦੇ ਕਾਨੂੰਨ ਨੂੰ ਵਾਪਸ ਲਿਆਂਦਾ ਜਾਵੇਗਾ ਅਤੇ ਸੂਬੇ ਦਾ ਕਾਨੂੰਨ ਕਹਿੰਦਾ ਹੈ ਕਿ ਸਰੀ ਦੀ ਅਧਿਕਾਰਤ ਪੁਲਿਸ ਸਰੀ ਪੁਲਿਸ ਸਰਵਿਸ ਹੋਵੇਗੀ।


(ਬਾਕੀ ਸਫ਼ਾ 5 'ਤੇ)



For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S- KALSEY
AVINEET S- KALSEY
- ਕੀ ਤੁਹਾਡਾ ਵਾਲ–ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD
Gagan Chahal R.D. Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC

MORTGAGE SPECIALIST!
Residential Construction, Commercial and Private Mortgages
- Pre - Approval available in 24 Hours - rate hold - 120 days
- Bad credit also welcome
AMANDEEP DUGGAL MORTGAGE BROKER
A Better Way
604-368 -2030
604-227-9694
# 102-6321 King George Blvd, Surrey

TRANSource FREIGHTWAYS
ਕੰਮ ਲਈ Drivers and Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
BC - ALBERTA ALBERTA - BC
Fuel and Insurance Paid by Company NO DEDUCTIONS!!
ਸਾਡੀ ਕੰਪਨੀ ਓਨਰ ਓਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸ਼ਨੀਵਾਰ: 604-808-9805
Email:safety@transourcefreightways.com

LOOKING TO BUY OR SELL?
eXp REALTY
ਕਿਸੇ ਵੀ ਤਰ੍ਹਾਂ ਦੀ ਰੈਜ਼ੀਡੈਂਟ, ਕਮਰਸ਼ਿਅਲ ਪ੍ਰਾਪਰਟੀ ਅਤੇ ਲੈਂਡ ਲੈਣ ਲਈ ਸੰਪਰਕ ਕਰੋ
ਤੁਹਾਡਾ ਆਪਣਾ ਰਿਅੈਲਟਰ
HARRY KHOSA
PERSONAL REAL ESTATE CORPORATION
778.558.9745
@BROKERHARRYKHOSA

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht (Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


FRASERVIEW
BANQUET HALL
presents
the Views
dosa hub
FUSION OF FLAVOURS
IN OUR EVERY BITE
LUNCH SPECIALS
11 AM - 3 PM
HAPPY HOURS
4 PM - 6 PM
8248, Fraser Street
236-455-5848
viewsdosahub.com

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
52 YEARS OF EXCELLENCE · THE LINK GROUP · 1973 – 2024
WEEKLY NEWSPAPER
VOL. : 12 ISSUE : 17 SATURDAY, 27 APRIL, 2024
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca



GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

# ਸਰੀ 'ਚ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ

**• ਲੱਖਾਂ ਦੀ ਗਿਣਤੀ ਵਿਚ ਸ਼ਾਮਲ ਹੋਏ ਸ਼ਰਧਾਲੂ • ਖ਼ਰਾਬ ਮੌਸਮ ਨੇ ਸਮਾਪਤੀ ਸਮਾਗਮ ਦਾ ਰੰਗ ਫਿੱਕਾ ਕੀਤਾ**





ਸਰੀ (ਹਰਦਮ ਮਾਨ)-ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਵੱਲੋਂ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਵਿਚ ਲੱਖਾਂ ਦੀ ਗਿਣਤੀ ਵਿਚ ਨੌਜਵਾਨ, ਬੱਚੇ ਅਤੇ ਬਜ਼ੁਰਗ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸ਼ਾਮਲ ਹੋਏ। ਸ਼ਾਮ ਦੇ ਚਾਰ ਕੁ ਵਜੇ ਤੱਕ ਮੌਸਮ ਬਹੁਤ ਸੁਹਾਵਣਾ ਰਿਹਾ ਪਰ ਬਾਅਦ ਵਿਚ ਵਗੀ ਠੰਡੀ ਹਵਾ ਅਤੇ ਮੀਂਹ ਨੇ ਲੋਕਾਂ ਦੇ ਉਤਸ਼ਾਹ ਮੱਠਾ ਪਾ ਦਿੱਤਾ। ਇਹ ਨਗਰ ਕੀਰਤਨ ਗੁਰਦੁਆਰਾ ਦਸ਼ਮੇਸ਼ ਦਰਬਾਰ ਤੋਂ ਸਵੇਰੇ 8 ਵਜੇ ਸ਼ੁਰੂ ਹੋਇਆ ਅਤੇ 128 ਸਟਰੀਟ, 82 ਐਵੀਨਿਊ, 124 ਸਟਰੀਟ, 76 ਐਵੀਨਿਊ ਅਤੇ 128 ਸਟਰੀਟ ਹੁੰਦਾ ਹੋਇਆ ਵਾਪਸ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਆ ਕੇ ਸੰਪੂਰਨ ਹੋਇਆ। ਸਰੀ ਦੇ ਵੱਖ ਵੱਖ ਪੰਜਾਬੀ ਸਕੂਲਾਂ ਦੇ ਬੱਚੇ ਨਗਰ ਕੀਰਤਨ ਦੇ ਨਾਲ ਨਾਲ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਸਿੱਖ ਗੱਤਕੇ ਦੇ ਜੌਹਰ ਦਿਖਾ ਰਹੇ ਸਨ। ਨਗਰ ਕੀਰਤਨ ਵਿਚ ਕੁਝ ਲੋਕਾਂ ਦੇ ਹੱਥਾਂ ਵਿਚ ਫੜ੍ਹੇ ਕੇਸਰੀ ਝੰਡੇ ਉਪਰ ਖਾਲਿਸਤਾਨ ਉਕਰਿਆ ਹੋਇਆ ਸੀ। ਨਗਰ ਕੀਰਤਨ ਦੇ ਪੂਰੇ ਰੂਟ ਉਪਰ ਕਾਰੋਬਾਰੀਆਂ, ਸ਼ਰਧਾਲੂਆਂ ਵੱਲੋਂ ਵੱਖ ਵੱਖ ਪਕਵਾਨਾਂ ਦੇ ਲੰਗਰ ਲਾਏ ਹੋਏ ਸਨ ਅਤੇ ਲੋਕ ਇਨ੍ਹਾਂ ਖਾਣਿਆਂ ਦਾ ਸਵਾਦ ਮਾਣ ਰਹੇ ਸਨ। ਸਰੀ ਵਿਚ ਚਲਦੇ ਪ੍ਰਮੁੱਖ ਰੇਡੀਓ ਸਟੇਸ਼ਨਾਂ ਅਤੇ ਟੀ.ਵੀ. ਚੈਨਲਾਂ ਵੱਲੋਂ ਸਟੇਜਾਂ ਸਜਾਈਆਂ ਗਈਆਂ ਸਨ ਜਿੱਥੋਂ ਗੁਰਬਾਣੀ ਦਾ ਕੀਰਤਨ ਚੱਲ ਰਿਹਾ ਸੀ, ਢਾਡੀਆਂ ਦੀਆਂ ਵਾਰਾਂ ਗੂੰਜ ਰਹੀਆਂ ਸਨ ਅਤੇ ਲੀਡਰਾਂ ਦੇ ਭਾਸ਼ਣ ਸੁਣਾਈ ਦੇ ਰਹੇ ਸਨ। ਇਕ ਪਾਸੇ ਕੇਸਰੀ ਦਸਤਾਰਾਂ ਸਜਾਈਆਂ ਜਾ ਰਹੀਆਂ ਸਨ, ਮੈਗਜ਼ੀਨ, ਅਖ਼ਬਾਰ, ਪੈਂਫਲਿਟ ਵੰਡੇ ਜਾ ਰਹੇ ਸਨ। ਨਗਰ ਕੀਰਤਨ ਵਿਚ ਇਸ ਵਾਰ ਵੀ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਦੇ ਸਤੀਸ਼ ਗੁਲਾਟੀ ਵੱਲੋਂ ਪੰਜਾਬੀ ਕਿਤਾਬਾਂ ਦੀ ਪ੍ਰਦਰਸ਼ਨੀ ਲਾ ਕੇ ਪੰਜਾਬੀਆਂ ਨੂੰ ਕਿਤਾਬਾਂ ਪੜ੍ਹਨ ਦਾ ਸੁਨੇਹਾ ਦਿੱਤਾ ਗਿਆ। ਸੈਂਕੜੇ ਪੁਸਤਕ ਪ੍ਰੇਮੀਆਂ ਨੇ ਇੱਥੋਂ ਕਿਤਾਬਾਂ ਖਰੀਦ ਕੇ ਸਤੀਸ਼ ਗੁਲਾਟੀ ਦੇ ਉਪਰਾਲੇ ਨੂੰ ਹੁੰਗਾਰਾ ਦਿੱਤਾ। (ਬਾਕੀ ਸਫ਼ਾ 8 'ਤੇ)

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

Canadian Surrey Veggie pizza
100% ਵੈਜੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵੇਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਮੋਟਰ ਗੱਡੀਆਂ ਚੁਰਾਉਣ ਤੇ ਘਰ ਵਿਚ ਚੋਰੀ ਕਰਨ ਵਾਲਾ ਚੋਰ ਤਿੰਨ ਦਿਨਾਂ ਵਿਚ ਤਿੰਨ ਵਾਰੀ ਕਾਬੂ ਆਇਆ

ਸਰੀ-ਵਿਕਟੋਰੀਆ ਵਾਸੀ ਇਕ ਵਿਅਕਤੀ ਨੂੰ ਕਈ ਕਾਰਾਂ ਦੀ ਖੋਹ ਕਰਨ ਅਤੇ ਚੋਰੀ ਦੇ ਇਰਾਦੇ ਨਾਲ ਇਕ ਘਰ ਵਿਚ ਦਾਖਲ ਹੋਣ ਪਿੱਛੋਂ ਤਿੰਨ ਦਿਨਾਂ ਵਿਚ ਲਗਾਤਾਰ ਤਿੰਨ ਵਾਰ ਗ੍ਰਿਫ਼ਤਾਰ ਕੀਤਾ ਗਿਆ। 23 ਅਪ੍ਰੈਲ ਨੂੰ ਸ਼ਾਮ 7.30 ਵਜੇ ਪੁਲਿਸ ਨੂੰ ਸੂਚਨਾ ਮਿਲੀ ਕਿ ਨੌਰਥ ਜੁਬਲੀ ਨੇਬਰਹੁੱਡ ਵਿਚ ਇਕ ਵਿਅਕਤੀ ਘਰ ਵਿਚ ਦਾਖਲ ਹੋ ਰਿਹਾ ਹੈ ਅਤੇ ਘਰ ਵਿਚ ਰਹਿਣ ਵਾਲੇ ਲੋਕ ਵੀ ਉਥੇ ਮੌਜੂਦ ਸਨ। ਘਰ ਵਿਚ ਰਹਿੰਦੇ ਲੋਕਾਂ ਨੇ ਉਸ ਦਾ ਪਿੱਛਾ ਕੀਤਾ ਪਰ ਉਹ ਭੱਜ ਗਿਆ। ਉਸ ਨੇ ਭੱਜਦੇ ਹੋਏ ਫੋਰਟ ਸਟਰੀਟ ਦੇ 1800 ਬਲਾਕ ਵਿਚ ਖੜੀ ਇਕ ਕਾਰ ਵਿਚ ਵੜਨ ਦੀ ਕੋਸ਼ਿਸ਼ ਕੀਤੀ ਪਰ ਕਾਰ ਵਿਚ ਬੈਠੇ ਕਾਰ ਦੇ ਡਰਾਈਵਰ ਨੇ ਉਸ ਨੂੰ ਕਾਰ ਵਿਚ ਦਾਖਲ ਨਾ ਹੋਣ ਦਿੱਤਾ। ਇਸ ਪਿੱਛੋਂ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਦੀ ਪਛਾਣ ਰਿਚਰਡਸਨ ਸਟਰੀਟ ਦੇ 1900 ਬਲਾਕ ਦੇ ਸੇਠ ਪੈਕਰ ਵਜੋਂ ਕੀਤੀ ਗਈ। ਪੈਕਰ ਪਹਿਲਾਂ ਵੀ ਮੋਟਰ ਗੱਡੀਆਂ ਚੋਰੀ ਕਰਨ, ਡਕੈਤੀ ਕਰਨ ਅਤੇ ਦੁਰਘਟਨਾ ਵਾਲੀ ਥਾਂ 'ਤੇ ਨਾ ਰੁਕਣ ਅਤੇ ਦੋ ਦਿਨ ਲਗਾਤਾਰ ਦੋ ਵਾਰ ਗ੍ਰਿਫ਼ਤਾਰ ਕੀਤੇ ਜਾਣ ਪਿੱਛੋਂ ਸ਼ਰਤਾਂ ਦੀ ਪਾਲਣਾ ਨਾ ਕਰਨ ਬਦਲੇ ਕਈ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ।





# ਡਾ: ਜਸਵਿੰਦਰ ਦਿਲਾਵਰੀ 'ਕੁਈਨਜ਼ ਪਲੈਟੀਨਮ ਜੁਬਲੀ ਐਵਾਰਡ' ਨਾਲ ਸਨਮਾਨਿਤ

ਸਰੀ (ਹਰਦਮ ਮਾਨ)-ਸਰੀ ਦੇ ਵਿਦਿਅਕ, ਸਮਾਜਿਕ ਅਤੇ ਮੀਡੀਆ ਖੇਤਰ ਦੀ ਸ਼ਖ਼ਸੀਅਤ ਡਾ ਜਸਵਿੰਦਰ ਦਿਲਾਵਰੀ ਨੂੰ ਸਮਾਜਿਕ ਖੇਤਰ ਵਿਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਬਦਲੇ ਕੈਨੇਡਾ ਸਰਕਾਰ ਵੱਲੋਂ 'ਕੁਈਨਜ਼ ਪਲੈਟੀਨਮ ਜੁਬਲੀ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਸਨਮਾਨ ਬੀਤੇ ਦਿਨ ਸਰੀ ਵਿਖੇ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ ਨੇ ਉਸ ਨੂੰ ਪ੍ਰਦਾਨ ਕੀਤਾ ਵਰਨਣਯੋਗ ਹੈ ਕਿ ਮਹਾਰਾਣੀ ਐਲਿਜ਼ਾਬੈਥ-99 ਦੇ ਗੱਦੀ 'ਤੇ ਬਿਰਾਜਮਾਨ ਹੋਣ ਦੀ 70ਵੀਂ ਵਰ੍ਹੇਗੰਢ ਦਾ ਪ੍ਰਤੀਕ ਇਹ ਸਨਮਾਨ ਕੈਨੇਡਾ ਸਰਕਾਰ ਵੱਲੋਂ ਹਰ ਸਾਲ ਸਮਾਜ ਅਤੇ ਕਮਿਊਨਿਟੀ ਲਈ ਵਿਸ਼ੇਸ਼ ਸੇਵਾਵਾਂ ਨਿਭਾਉਣ ਵਾਲੀਆਂ 2 ਸ਼ਖ਼ਸੀਅਤਾਂ ਨੂੰ ਦਿੱਤਾ ਜਾਂਦਾ ਹੈ। ਜ਼ਿਕਰਯੋਗ ਹੈ ਕਿ ਜਸਵਿੰਦਰ ਦਿਲਾਵਰੀ ਪਿਛਲੇ ਕਈ ਸਾਲਾਂ ਤੋਂ ਸਰੀ ਦੇ ਵਿਦਿਅਕ, ਸਮਾਜਿਕ ਅਤੇ ਪੱਤਰਕਾਰੀ ਵਿਚ ਆਪਣੀ ਸਰਗਰਮ ਭੂਮਿਕਾ ਨਿਭਾਅ ਰਿਹਾ ਹੈ ਅਤੇ ਕਮਿਊਨਿਟੀ ਦੇ ਕਾਰਜਾਂ ਵਿਚ ਆਪਣੀਆਂ ਵੱਡਮੁੱਲੀਆਂ ਸੇਵਾਵਾਂ ਦੇ ਰਿਹਾ ਹੈ।

ਉਸ ਨੂੰ ਇਹ ਸਨਮਾਨ ਮਿਲਣ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਬੀਸੀ ਯੂਨਾਈਟਿਡ ਦੇ ਆਗੂ ਅੰਮ੍ਰਿਤਪਾਲ ਸਿੰਘ ਢੋਟ (ਡੈਲਟਾ), ਨੌਜਵਾਨ ਆਗੂ ਲਖਵੀਰ ਸਿੰਘ ਗਰੇਵਾਲ, ਕਰਮਜੀਤ ਬਾਠ, ਸ਼ਾਮ ਸ਼ਰਮਾ, ਹਰਮੀਤ ਮਨਕਾਟਲਾ, ਜਸਬੀਰ ਸਿੰਘ ਭਾਟੀਆ ਅਤੇ ਨਵਦੀਪ ਚਾਹਲ ਨੇ ਕਿਹਾ ਹੈ ਕਿ ਜਸਵਿੰਦਰ ਦਿਲਾਵਰੀ ਬਹੁਤ ਹੀ ਮਿਲਣਸਾਰ, ਸਹਿਯੋਗੀ, ਲੋੜਵੰਦਾਂ ਦੀ ਦਿਲੋਂ ਮਦਦ ਕਰਨ ਵਾਲਾ ਵਿਅਕਤੀ ਹੈ ਅਤੇ ਹਮੇਸ਼ਾ ਹਰ ਇਕ ਨੂੰ ਆਪਣੀ ਸਹੀ ਅਤੇ ਸੁਹਿਰਦ ਸਲਾਹ ਨਾਲ ਨਿਵਾਜਦਾ ਹੈ। ਜਸਵਿੰਦਰ ਦਿਲਾਵਰੀ ਨੇ ਇਹ ਐਵਾਰਡ ਮਿਲਣ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਇਹ ਉਹਦੇ ਲਈ ਬੇਹੱਦ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਸਰਕਾਰ ਵੱਲੋਂ ਉਸ ਦੇ ਨਿਮਾਣੇ ਜਿਹੇ ਕਾਰਜ ਨੂੰ ਮਾਨਤਾ ਦਿੱਤੀ ਗਈ ਹੈ। ਇਸ ਨੇ ਉਹਦਾ ਹੌਸਲਾ ਬੁਲੰਦ ਕੀਤਾ ਹੈ। ਉਸ ਨੇ ਕਿਹਾ ਕਿ ਉਹ ਹਮੇਸ਼ਾ ਆਪਣੀ ਮਾਨਵਵਾਦੀ ਪਹੁੰਚ ਅਨੁਸਾਰ ਸਮਾਜ ਵਿਚ ਕੁਝ ਕਰਨ ਲਈ ਕਾਰਜਸ਼ੀਲ ਰਹੇਗਾ।




# ਐਬਟਸਫੋਰਡ ਵਿਚ ਖੁੱਲ੍ਹੇਗਾ ਹਾਈਫਾਈਵ ਚਿਕਨ ਰੈਸਟੋਰੈਂਟ

ਸਰੀ-ਮਈ ਦੇ ਸ਼ੁਰੂ ਵਿਚ ਐਬਟਸਫੋਰਡ ਵਿਚ ਹਾਈਫਾਈਵ ਚਿਕਨ ਰੈਸਟੋਰੈਂਟ ਖੋਲ੍ਹਿਆ ਜਾ ਰਿਹਾ ਹੈ। ਬੀਸੀ ਦੀ ਫਾਸਟ ਫੂਡ ਚੇਨ ਹਾਈਸਟ੍ਰੀਟ ਸ਼ਾਪਿੰਗ ਸੈਂਟਰ ਵਿਖੇ ਆਪਣੀ 11ਵੀਂ ਲੋਕੇਸ਼ਨ ਖੋਲ੍ਹ ਰਹੀ ਹੈ। ਹਾਈਫਾਈਵ ਚਿਕਨ ਦੀ 2016 ਵਿਚ ਵੈਨਕੂਵਰ 'ਚ ਸਥਾਪਨਾ ਕੀਤੀ ਗਈ ਸੀ। ਐਬਟਸਫੋਰਡ ਵਿਚ ਇਸ ਦੀ 11ਵੀਂ ਲੋਕੇਸ਼ਨ ਹੋਵੇਗੀ ਅਤੇ ਛੇਤੀ ਹੀ ਸਰੀ ਵਿਚ ਵੀ ਨਵੀਂ ਲੋਕੇਸ਼ਨ ਖੋਲ੍ਹੀ ਜਾ ਰਹੀ ਹੈ। ਉਨ੍ਹਾਂ ਨੇ ਬਰਨਬੀ ਵਿਚ ਤਿੰਨ, ਵੈਨਕੂਵਰ ਵਿਚ ਦੋ ਅਤੇ ਮੈਪਲ ਰਿਜ, ਰਿਚਮੰਡ, ਲੈਂਗਲੀ, ਕੋਕੁਇਟਲਮ ਅਤੇ ਵਿਕਟੋਰੀਆ ਵਿਚ ਇਕ-ਇਕ ਲੋਕੇਸ਼ਨ ਖੋਲ੍ਹੀ ਹੋਈ ਹੈ। ਰੈਸਟੋਰੈਂਟ ਸਕੂਲ ਲੰਚ ਪ੍ਰੋਗਰਾਮ ਅਤੇ ਪਾਰਟੀ ਭੋਜਨ ਵੀ ਪੇਸ਼ ਕਰਦਾ ਹੈ।









# 6 ਫ਼ੀਸਦੀ ਪ੍ਰਾਪਰਟੀ ਟੈਕਸ ਵਾਧੇ ਨਾਲ ਸਰੀ ਕੌਂਸਲ ਵਲੋਂ ਬਜਟ ਨੂੰ ਪ੍ਰਵਾਨਗੀ

ਸਰੀ-ਸਿਟੀ ਕੌਂਸਲ ਨੇ ਸੋਮਵਾਰ ਰਾਤ ਨੂੰ 2024 ਬਜਟ ਦੀ ਤੀਸਰੀ ਪੜ੍ਹਤ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਬਜਟ ਵਿਚ ਪ੍ਰਾਪਰਟੀ ਟੈਕਸ ਵਿਚ 6 ਫ਼ੀਸਦੀ, ਰੋਡ ਅਤੇ ਟੈਕਸ ਲੇਵੀ ਵਿਚ ਇਕ ਫ਼ੀਸਦੀ ਅਤੇ ਮਹਿੰਗੀਆਂ ਯੂਟਿਲਟੀ ਦਰ ਫੀਸਾਂ ਤੋਂ ਇਲਾਵਾ ਸੈਕੰਡਰੀ ਸੂਟ ਫੀਸ ਵਿਚ ਵਾਧਾ ਸ਼ਾਮਿਲ ਹੈ। ਸਿਟੀ ਹਾਲ ਵਿਖੇ ਜਨਤਕ ਸੁਣਵਾਈ ਵਿਚ ਸ਼ਾਮਿਲ ਸਿਰਫ ਤਿੰਨ ਸਰੀ ਵਾਸੀਆਂ ਵਲੋਂ ਆਪਣੀ ਚਿੰਤਾਵਾਂ ਜ਼ਾਹਿਰ ਕਰਨ ਪਿੱਛੋਂ ਸ਼ਹਿਰ ਦੀ ਵਿੱਤ ਕਮੇਟੀ ਨੇ ਬਜਟ ਨੂੰ ਆਪਣੀ ਮਨਜ਼ੂਰੀ ਦੇ ਦਿੱਤੀ। ਸਰੀ ਦੀ ਮੇਅਰ ਬਰੈਂਡਾ ਲੌਕ ਨੇ ਬਜਟ ਨੂੰ ਸ਼ਾਨਦਾਰ ਆਖਿਆ ਹੈ। ਮੇਅਰ ਨੇ ਖੁਦ ਅਤੇ ਪੰਜ ਕੌਂਸਲਰਾਂ ਦੀ ਬਹੁਮਤ ਵਾਲੀ ਸਰੀ ਕੁਨੈਕਟ ਦੇ ਕੌਂਸਲਰਾਂ ਪ੍ਰਦੀਪ ਕੂਨਰ, ਹੈਰੀ ਬੈਂਸ, ਰੋਬ ਸਟੱਟ ਅਤੇ ਗੋਰਡਨ ਹੇਪਨਰ ਨੇ ਬਜਟ ਨੂੰ ਪ੍ਰਵਾਨ ਕਰਨ ਦੇ ਪੱਖ ਵਿਚ ਵੋਟ ਦਿੱਤਾ। ਸਰੀ ਫਸਟ ਕੌਂਸਲਰਾਂ ਲਿੰਡਾ ਐਨਿਸ ਅਤੇ ਮਾਈਕ ਬੋਸ ਅਤੇ ਸੇਫ ਸਰੀ ਕੁਲੀਸ਼ਨ ਦੇ ਕੌਂਸਲਰਾਂ ਡੱਗ ਐਲਫਰਡ ਅਤੇ ਮਨਦੀਪ ਨਾਗਰਾ ਨੇ ਨਾਂਹ ਵਿਚ ਵੋਟ ਦਿੱਤਾ। ਵਿੱਤ ਬਾਰੇ ਸਰੀ ਦੇ ਜਨਰਲ ਮੈਨੇਜਰ ਕੇਮ ਗਰੇਵਾਲ ਨੇ ਕੌਂਸਲ ਦੇ ਲਗਪਗ ਖਾਲੀ ਚੈਂਬਰਸ ਵਿਚ ਦਸਤਾਵੇਜ਼ ਪੇਸ਼ ਕੀਤੇ। ਜਨਰਲ ਪ੍ਰਾਪਰਟੀ ਟੈਕਸ ਵਿਚ 6 ਫ਼ੀਸਦੀ ਵਾਧੇ ਦਾ ਮਤਲਬ ਇਕ ਆਮ ਇਕੱਲੇ ਪਰਿਵਾਰ ਵਾਲੇ ਘਰ ਲਈ 152 ਡਾਲਰ ਵਾਧੂ ਦੇਣੇ ਪੈਣਗੇ। ਇਸ ਟੈਕਸ ਵਾਧੇ ਦਾ ਉਦੇਸ਼ ਮਹਿੰਗਾਈ ਦਾ ਦਬਾਅ ਘਟਾਉਣ ਲਈ ਪੁਲਿਸ, ਫਾਇਰਫਾਈਟਿੰਗ ਅਤੇ ਬਾਈਲਾਅ ਇਨਫੋਰਸਮੈਂਟ ਲਈ ਨਵੇਂ ਆਮਦਨ ਵਸੀਲੇ ਪੈਦਾ ਕਰਨਾ ਹੈ।

# ਸਰੀ ਸਿਟੀ ਵਲੋਂ ਗੁਰੂ ਨਾਨਕ ਡਾਇਵਰਸਿਟੀ ਵਿਲੇਜ ਲਈ ਬਿਲਡਿੰਗ ਪਰਮਿਟ ਜਾਰੀ

ਵੈਨਕੂਵਰ-ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸ ਸੁਸਾਇਟੀ (ਪਿਕਸ) 125 ਬੈੱਡ ਵਾਲੀ ਲਾਂਗ ਟਰਮ ਕੇਅਰ ਫੈਸਿਲਟੀ 'ਗੁਰੂ ਨਾਨਕ ਡਾਇਵਰਸਿਟੀ ਵਿਲੇਜ ਪ੍ਰਾਜੈਕਟ' ਲਈ ਸਰੀ ਸ਼ਹਿਰ ਵਲੋਂ ਬਿਲਡਿੰਗ ਪਰਮਿਟ ਜਾਰੀ ਹੋਣ ਦਾ ਐਲਾਨ ਕਰਕੇ ਖੁਸ਼ ਹੈ ਜਿਸ ਦੀ ਬੇਸਬਰੀ ਨਾਲ ਉਡੀਕ ਕੀਤੀ ਜ ਰਹੀ ਸੀ। ਇਹ ਮਹੱਤਵਪੂਰਣ ਮੀਲ ਪੱਥਰ ਮਾਨਯੋਗ ਸ਼ਖਸੀਅਤਾਂ ਜਿਨ੍ਹਾਂ ਵਿਚ ਮੇਅਰ ਬਰੈਂਡਾ ਲੌਕ, ਸਿਹਤ ਮੰਤਰੀ ਐਡਰੀਅਨ ਡਿਕਸ ਅਤੇ ਮਕਾਨ ਉਸਾਰੀ ਮੰਤਰੀ ਰਵੀ ਕਾਹਲੋਂ ਸ਼ਾਮਿਲ ਹੈ ਦੀ ਸਹਾਇਤਾ ਅਤੇ ਮਾਰਗਦਰਸ਼ਨ ਨਾਲ ਪ੍ਰਾਪਤ ਕਰ ਲਿਆ ਹੈ।ਅਸੀਂ ਇਸ ਪ੍ਰਾਜੈਕਟ ਨੂੰ ਹਕੀਕਤ ਵਿਚ ਬਦਲਣ ਲਈ ਇਨ੍ਹਾਂ ਨੇਤਾਵਾਂ ਅਤੇ ਫਰੇਜ਼ਰ ਸਿਹਤ ਅਥਾਰਟੀ ਦੇ ਸਤਿਕਾਰਤ ਅਧਿਕਾਰੀਆਂ ਅਤੇ ਬੀਸੀ ਹਾਊਸਿੰਗ ਅਤੇ ਸਿਟੀ ਆਫ ਸਰੀ ਦਾ ਉਨ੍ਹਾਂ ਦੀ ਮਹੱਤਵਪੂਰਣ ਭੂਮਿਕਾ ਲਈ ਤਹਿ ਦਿਲੋਂ ਧੰਨਵਾਦ ਕਰਦੇ ਹਾਂ। ਪਿਕਸ ਸੁਸਾਇਟੀ ਦੇ ਪ੍ਰਧਾਨ ਤੇ ਸੀਈਓ ਸਤਬੀਰ ਸਿੰਘ ਚੀਮਾ ਨੇ ਕਿਹਾ ਕਿ ਅਸੀਂ ਇਸ ਪ੍ਰਾਜੈਕਟ ਨੂੰ ਅੱਗੇ ਵਧਾਉਣ ਲਈ ਉਨ੍ਹਾਂ ਦੇ ਯੋਗਦਾਨ ਅਤੇ ਪ੍ਰੇਰਣਾ ਲਈ ਧੰਨਵਾਦ ਕਰਦੇ ਹਾਂ।

# ਪੁਲਿਸ ਟਰਾਂਜ਼ੀਸ਼ਨ ਲਾਗਤ ਦੀ ਰਿਪੋਰਟ ਹੈਰਾਨੀਜਨਕ-ਸਰੀ ਦੀ ਮੇਅਰ ਨੇ ਕੀਤੇ ਸਵਾਲ

ਸਰੀ-ਸਰੀ ਪੁਲਿਸ ਸਰਵਿਸ ਟਰਾਂਜ਼ੀਸ਼ਨ ਨਾਲ ਸਬੰਧਤ ਖਰਚਿਆਂ ਬਾਰੇ ਸੂਬਾ ਰਿਪੋਰਟ ਜਾਰੀ ਕਰਨ ਪਿੱਛੋਂ ਸਰੀ ਦੀ ਮੇਅਰ ਬਰੈਂਡਾ ਲੌਕ ਬੀਸੀ ਸਰਕਾਰ ਤੋਂ ਜਵਾਬਦੇਹੀ ਦੀ ਮੰਗ ਕਰ ਰਹੀ ਹੈ। ਬੁੱਧਵਾਰ ਸਵੇਰੇ ਇਕ ਪ੍ਰੈਸ ਰਿਲੀਜ਼ ਵਿਚ ਲੌਕ ਨੇ ਕਿਹਾ ਕਿ ਇਹ ਰਿਪੋਰਟ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਸੂਬਾ ਸਰੀ ਕਰਦਾਤਾਵਾਂ ਤੋਂ ਟਾਈਟੈਨਿਕ ਪੱਧਰ ਦੇ ਖਰਚ ਨੂੰ ਛੁਪਾ ਰਿਹਾ ਹੈ। ਇਹ ਰਿਪੋਰਟ ਬਲੈਕ ਪ੍ਰੈਸ ਮੀਡੀਆ ਨੇ ਹਾਸਲ ਕੀਤੀ। ਇਹ ਰਿਪੋਰਟ ਸੂਬਾ ਸਰਕਾਰ ਨੇ ਤਿਆਰ ਕਰਵਾਈ ਅਤੇ ਇਸ ਨੂੰ ਡੇਲੋਇਟ ਫਰਮ ਨੇ ਵਿਕਸਤ ਕੀਤਾ ਹੈ। ਇਹ ਰਿਪੋਰਟ ਸੂਬੇ ਵਲੋਂ ਜਨਤਕ ਤੌਰ 'ਤੇ ਰਿਲੀਜ਼ ਨਹੀਂ ਕੀਤਾ ਗਿਆ ਪਰ ਹੁਣ ਸ਼ਹਿਰ ਵਲੋਂ ਬੀਸੀ ਸੁਪਰੀਮ ਕੋਰਟ ਵਿਚ ਪੇਸ਼ ਕੀਤੇ ਜਾਣ ਕਾਰਨ ਉਪਲਬਧ ਹੈ। ਰਿਪੋਰਟ ਵਿਚ ਆਰਸੀਐਮਪੀ ਦੇ 734 ਅਫਸਰ ਕਾਇਮ ਰੱਖਣ, ਇੰਨੀ ਗਿਣਤੀ 'ਚ ਅਫਸਰਾਂ ਨਾਲ ਐਸਪੀਐਸ ਨੂੰ ਟਰਾਂਜ਼ੀਸ਼ਨ ਜਾਂ 900 ਅਫਸਰਾਂ ਨਾਲ ਐਸਪੀਐਸ ਨੂੰ ਟਰਾਂਜ਼ੀਸ਼ਨ ਨਾਲ ਸਬੰਧਤ ਤਿੰਨ ਵੱਖ ਵੱਖ ਦ੍ਰਿਸ਼ਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਲੌਕ ਨੇ ਕਿਹਾ ਕਿ ਡੇਲੋਇਟ ਰਿਪੋਰਟ ਵਿਚ 10 ਸਾਲ ਆਰਸੀਐਮਪੀ ਨੂੰ ਰੱਖਣ ਨਾਲੋਂ ਟਰਾਂਜ਼ੀਸ਼ਨ ਦੀ 750 ਮਿਲੀਅਨ ਡਾਲਰ ਜ਼ਿਆਦਾ ਲਾਗਤ ਦੀ ਰੂਪ-ਰੇਖਾ ਪੇਸ਼ ਕੀਤੀ ਗਈ ਹੈ। ਰਿਪੋਰਟ 750 ਮਿਲੀਅਨ ਡਾਲਰ ਲਾਗਤ ਦੇ ਅੰਤਰ ਦਾ ਹਵਾਲਾ ਨਹੀਂ ਦਿੰਦੀ। ਇਹ ਗਿਣਤੀ ਰਿਪੋਰਟ ਤੋਂ ਪ੍ਰਾਪਤ ਹੋਈ ਹੈ ਜਿਹੜੀ ਕਹਿੰਦੀ ਹੈ ਕਿ ਪ੍ਰਤੀ ਸਾਲ 75 ਮਿਲੀਅਨ ਡਾਲਰ ਖਰਚ ਜ਼ਿਆਦਾ ਹੋਵੇਗਾ। ਰਿਪੋਰਟ ਕਹਿੰਦੀ ਹੈ ਕਿ ਜੇਕਰ ਆਰਸੀਐਮਪੀ ਦੇ 734 ਅਫਸਰ ਰੱਖਣ ਬਨਾਮ 900 ਐਸਪੀਐਸ ਅਫਸਰਾਂ ਨਾਲ ਟਰਾਂਜ਼ੀਸ਼ਨ ਮੁਕੰਮਲ ਹੁੰਦੀ ਹੈ ਤਾਂ 2025 ਵਿਚ 52 ਮਿਲੀਅਨ ਡਾਲਰ ਖਰਚ ਵਧੇਗਾ। 2026 ਵਿਚ ਖਰਚ ਦਾ ਫਰਕ 75 ਮਿਲੀਅਨ ਡਾਲਰ ਹੋਵੇਗਾ ਜਿਹੜਾ ਆਰਸੀਐਮਪੀ ਨੂੰ ਅਧਿਕਾਰਤ ਪੁਲਿਸ ਰੱਖਣ ਦੀ ਲਾਗਤ ਦੇ ਮੁਕਾਬਲੇ 2027 ਵਿਚ 80 ਮਿਲੀਅਨ ਡਾਲਰ ਵੱਧ ਜਾਵੇਗਾ।




# ਨਵੰਬਰ ਤਕ ਆਰ.ਸੀ.ਐਮ.ਪੀ. ਦੀ ਥਾਂ ਲੈ ਲਵੇਗੀ ਸਰੀ ਪੁਲਿਸ ਸਰਵਿਸ-ਫਾਰਨਵਰਥ

ਸਫ਼ਾ 1 ਦੀ ਬਾਕੀ

ਆਰਸੀਐਮਪੀ ਦੇ ਡਿਪਟੀ ਕਮਿਸ਼ਨਰ ਡਾਇਨੇ ਮੈਕਡੋਨਾਲਡ ਨੇ ਕਿਹਾ ਕਿ ਹੁਣ ਟਰਾਂਜ਼ੀਸ਼ਨ ਦੇ ਰਸਤੇ ਲਈ ਪਛਾਣ ਹੋ ਗਈ ਹੈ ਅਤੇ ਆਰਸੀਐਮਪੀ ਸੂਬਾ ਸਰਕਾਰ, ਪਬਲਿਕ ਸੇਫਟੀ ਕੈਨੇਡਾ, ਐਸਪੀਐਸ ਅਤੇ ਸਰੀ ਸ਼ਹਿਰ ਨਾਲ ਨੇੜਿਓਂ ਹੋ ਕੇ ਕੰਮ ਕਰਨ ਲਈ ਵਚਨਬੱਧ ਹੈ ਅਤੇ ਅਸੀਂ ਨਵੰਬਰ ਵਿਚ ਅਗਲੇ ਮੀਲਪੱਥਰ 'ਤੇ ਪਹੁੰਚਣ ਲਈ ਜ਼ਰੂਰੀ ਕੰਮ ਦੀ ਪੇਸ਼ਗੀ ਵਿਚ ਪਛਾਣ ਕਰ ਲਈ ਹੈ। ਐਸਪੀਐਸ ਦੇ ਚੀਫ ਕੰਸਟੇਬਲ ਨੌਰਮ ਲਿਪਿੰਸਕੀ ਨੇ ਫਾਰਨਵਰਥ ਦੇ ਐਲਾਨ ਨੂੰ ਬਹੁਤ ਹੀ ਉਤਸ਼ਾਹ ਵਾਲਾ ਦੱਸਿਆ ਹੈ। ਲਿਪਿੰਸਕੀ ਨੇ ਕਿਹਾ ਕਿ ਉਸ ਨੂੰ ਪਤਾ ਹੈ ਕਿ ਰਸਤਾ ਲੰਬਾ ਹੈ ਅਤੇ ਇਹ ਸਾਡੇ ਕਿਸੇ ਲਈ ਵੀ ਸੌਖਾ ਨਹੀਂ ਪਰ ਮੇਰਾ ਖਿਆਲ ਹੈ ਕਿ ਅਸੀਂ ਸਾਰੇ ਇਸ ਗੱਲ 'ਤੇ ਸਹਿਮਤ ਹੋ ਸਕਦੇ ਹਾਂ ਕਿ ਇਸ ਟਰਾਂਜ਼ੀਸ਼ਨ ਦਾ ਮੁਕੰਮਲ ਹੋਣਾ ਦੋਵਾਂ ਸਾਰੀ ਵਾਸੀਆਂ ਅਤੇ ਸਾਰੇ ਪੁਲਿਸ ਸਟਾਫ ਲਈ ਚੰਗਾ ਹੈ ਜਿਹੜੇ ਸਰੀ ਦੀ ਸੇਵਾ ਕਰਦੇ ਹਨ। 22 ਅਪ੍ਰੈਲ ਨੂੰ ਸਰੀ ਕੌਂਸਲ ਨੇ 2024 ਬਜਟ ਦੀ ਤੀਸਰੀ ਪੜ੍ਹਤ ਨੂੰ ਪ੍ਰਵਾਨਗੀ ਦਿੱਤੀ ਜਿਸ ਵਿਚ ਪ੍ਰਾਪਰਟੀ ਟੈਕਸ ਵਿਚ 6 ਫ਼ੀਸਦੀ ਵਾਧਾ ਅਤੇ ਰੋਡ ਅਤੇ ਟੈਕਸ ਲੇਵੀ ਵਿਚ ਇਕ ਫ਼ੀਸਦੀ ਅਤੇ ਮਹਿੰਗੀਆਂ ਯੂਟਿਲਟੀ ਦਰ ਫੀਸਾਂ ਤੋਂ ਇਲਾਵਾ ਸੈਕੰਡਰੀ ਸੂਟ ਫੀਸ ਵਿਚ ਵਾਧਾ ਸ਼ਾਮਿਲ ਹੈ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

# ਵਾਈਟਰੌਕ ਬੀਚ ਤੇ ਛੁਰਾ ਮਾਰਕੇ ਪੰਜਾਬੀ ਨੌਜਵਾਨ ਦਾ ਕਤਲ

## ਇਕ ਹੋਰ ਘਟਨਾ ਵਿਚ ਇਕ ਗੰਭੀਰ ਜ਼ਖ਼ਮੀ-ਪੁਲਿਸ ਨੂੰ ਅਣਪਛਾਤੇ ਹਮਲਾਵਰ ਦੀ ਭਾਲ

ਸਰੀ-ਵਾਈਟ ਰੌਕ ਵਿੱਚ ਉਤੋੜਿੱਤੀ ਵਾਪਰੀਆਂ ਦੋ ਘਟਨਾਵਾਂ ਵਿਚ ਦੋ ਪੰਜਾਬੀ ਨੌਜਵਾਨਾਂ ਨੂੰ ਛੁਰੇਬਾਜੀ ਦਾ ਨਿਸ਼ਾਨਾ ਬਣਾਇਆ ਗਿਆ ਹੈ ਜਿਸ ਵਿਚ ਇਕ ਨੌਜਵਾਨ ਦੀ ਦੁਖਦਾਈ ਮੌਤ ਹੋ ਗਈ ਹੈ ਜਦੋਂਕਿ ਗੰਭੀਰ ਰੂਪ ਵਿਚ ਜ਼ਖ਼ਮੀ ਹੋਇਆ ਦੂਸਰਾ ਨੌਜਵਾਨ ਹਸਪਤਾਲ ਵਿਚ ਦਾਖਲ ਹੈ। ਬੀਤੀ 23 ਅਪ੍ਰੈਲ ਮੰਗਲਵਾਰ ਦੀ ਰਾਤ ਨੂੰ ਇਕ ਅਣਪਛਾਤੇ ਹਮਲਾਵਰ ਵਲੋਂ ਵਾਈਟਰੌਕ ਬੀਚ ਦੇ ਇਕ ਬੈਂਚ ਉਪਰ ਬੈਠੇ ਨੌਜਵਾਨ ਉਪਰ ਚਾਕੂ ਨਾਲ ਹਮਲਾ ਕੀਤਾ। ਹਮਲਾ ਇੰਨਾ ਘਾਤਕ ਸੀ ਕਿ ਉਸਦੀ ਜਾਨ ਨਾ ਬਚਾਈ ਜਾ ਸਕੀ। ਇਸਤੋਂ ਪਹਿਲਾਂ 21 ਅਪ੍ਰੈਲ ਨੂੰ ਐਤਵਾਰ ਦੀ ਰਾਤ ਨੂੰ ਵੀ ਅਣਪਛਾਤੇ ਹਮਲਾਵਰ ਵਲੋਂ ਕੀਤੇ ਗਏ ਹਮਲੇ ਵਿਚ ਜ਼ਖ਼ਮੀ ਨੌਜਵਾਨ ਗੰਭੀਰ ਹਾਲਤ ਵਿਚ ਹਸਪਤਾਲ ਵਿਚ ਦਾਖਲ ਹੈ।

23 ਅਪ੍ਰੈਲ ਨੂੰ ਹਮਲੇ ਵਿਚ ਮਾਰੇ ਗਏ ਨੌਜਵਾਨ ਦੀ ਪਛਾਣ ਭਾਵੇਂਕਿ ਪੁਲਿਸ ਨੇ ਅਜੇ ਜਾਰੀ ਨਹੀ ਕੀਤੀ ਪਰ ਸੋਸ਼ਲ ਮੀਡੀਆ ਰਿਪੋਰਟਾਂ ਮੁਤਾਬਿਕ ਮਾਰੇ ਗਏ ਨੌਜਵਾਨ ਦੀ ਪਛਾਣ 28 ਸਾਲਾ ਕੁਲਵਿੰਦਰ ਸਿੰਘ ਸੋਹੀ ਵਜੋਂ ਦੱਸੀ ਗਈ ਹੈ। ਉਹ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਪਿੰਡ ਤੋਲੇਵਾਲ ਨਾਲ ਸਬੰਧਿਤ ਸੀ। ਇਥੇ ਉਹ ਪਲੰਬਿੰਗ ਦਾ ਕੰਮ ਕਰਦਾ ਸੀ। ਪੁਲਿਸ ਵਲੋਂ ਜਾਰੀ ਸੂਚਨਾ ਮੁਤਾਬਿਕ ਉਹਨਾਂ ਨੂੰ 23 ਅਪ੍ਰੈਲ ਨੂੰ ਰਾਤ 9:30 ਵਜੇ ਤੋਂ ਥੋੜ੍ਹੀ ਦੇਰ ਪਹਿਲਾਂ ਮੈਰੀਨ ਡਰਾਈਵ ਦੇ 15400-ਬਲਾਕ ਵਿੱਚ ਛੁਰੇਬਾਜੀ ਕਾਰਨ ਇਕ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਸੂਚਨਾ ਮਿਲੀ। ਮੌਕੇ ਤੇ ਪੁਲਿਸ ਦੀ ਟੀਮ ਪੁੱਜੀ ਪਰ ਮੁੱਢਲੀ ਸਹਾਇਤਾ ਦੇਣ ਦੇ ਬਾਵਜੂਦ ਜ਼ਖ਼ਮੀ ਨੌਜਵਾਨ ਦੀ ਜਾਨ ਨਹੀ ਬਚਾਈ ਜਾ ਸਕੀ।



ਪੁਲਿਸ ਨੂੰ ਸ਼ੱਕੀ ਹਮਲਾਵਰ ਦੀ ਤਲਾਸ਼ ਹੈ ਜਿਸ ਬਾਰੇ ਕਿਹਾ ਗਿਆ ਹੈ ਕਿ ਉਹ 5 ਫੁੱਟ 11 ਇੰਚ ਲੰਬਾ ਕਾਲਾ ਵਿਅਕਤੀ ਹੈ, ਜਿਸ ਨੇ ਟੋਪੀ ਅਤੇ ਸਲੇਟੀ ਰੰਗ ਦੀ ਹੂਡੀ ਪਾਈ ਹੋਈ ਹੈ। ਉਹ ਆਖਰੀ ਵਾਰ ਮਰੀਨ ਡਰਾਈਵ ਦੇ ਉੱਤਰ ਵੱਲ ਭੱਜਦਾ ਦੇਖਿਆ ਗਿਆ। ਇਸ ਤੋਂ ਪਹਿਲਾਂ ਵਾਈਟਰੌਕ ਉਪਰ 21 ਅਪ੍ਰੈਲ ਐਤਵਾਰ ਨੂੰ ਛੁਰੇਬਾਜੀ ਦੀ ਵਾਪਰੀ ਘਟਨਾ ਵਿਚ ਜ਼ਖ਼ਮੀ ਹੋਣ ਵਾਲੇ ਨੌਜਵਾਨ ਦੀ ਪਛਾਣ 28 ਸਾਲ ਜਤਿੰਦਰ ਸਿੰਘ ਵਜੋਂ ਦੱਸੀ ਗਈ ਹੈ। ਸੋਸ਼ਲ ਮੀਡੀਆ ਉਪਰ ਜਤਿੰਦਰ ਸਿੰਘ ਦੀ ਸਹਾਇਤਾ ਲਈ ਗੋਫੰਡ ਮੁਹਿੰਮ ਸ਼ੁਰੂ ਕਰਦਿਆਂ ਦੱਸਿਆ ਗਿਆ ਹੈ ਕਿ ਉਸਨੂੰ ਐਤਵਾਰ ਰਾਤ ਨੂੰ ਵਾਈਟ ਰੌਕ ਬੀਚ ਨੇੜੇ ਬੈਂਚ 'ਤੇ ਬੈਠੇ ਹੋਏ ਨੂੰ ਚਾਕੂ ਮਾਰਿਆ ਗਿਆ ਸੀ। ਫੰਡਰੇਜ਼ਰ ਦੇ ਆਯੋਜਕ, ਬਿਕਰਮ ਸੰਧੂ ਦਾ ਕਹਿਣਾ ਹੈ ਕਿ ਜਤਿੰਦਰ ਨੂੰ ਹਸਪਤਾਲ ਤੋਂ ਘਰ ਵਾਪਸ ਛੁੱਟੀ ਮਿਲ ਗਈ ਹੈ ਪਰ ਉਸਦੇ ਜ਼ਖ਼ਮ ਬਹੁਤ ਗੰਭੀਰ ਹਨ, ਜਿਸ ਨੂੰ ਠੀਕ ਹੋਣ ਲਈ ਸਮਾਂ ਲੱਗੇਗਾ। ਜਤਿੰਦਰ ਕੋਲ ਮੈਡੀਕਲ ਕਵਰੇਜ ਨਹੀਂ ਹੈ ਅਤੇ ਉਹ ਹਸਪਤਾਲ ਦੇ ਵੱਡੇ ਬਿੱਲ ਨੂੰ ਲੈ ਕੇ ਚਿੰਤਤ ਹੈ। ਸੰਧੂ ਨੇ ਜਤਿੰਦਰ ਦੇ ਮੈਡੀਕਲ ਖਰਚੇ ਅਤੇ ਹੋਰ ਬਿੱਲਾਂ ਦੀ ਅਦਾਇਗੀ ਲਈ 20,000 ਡਾਲਰ ਫੰਡ ਇਕੱਤਰ ਕਰਨ ਦਾ ਟੀਚਾ ਮਿਥਿਆ ਹੈ ਜਿਸ ਵਿਚੋਂ 3,700 ਡਾਲਰ ਇਕੱਠੇ ਹੋ ਚੁੱਕੇ ਹਨ। ਸਰੀ-ਵਾਈਟ ਰੌਕ ਦੇ ਵਿਧਾਇਕ ਟ੍ਰੇਵਰ ਹੈਲਫੋਰਡ ਨੇ ਹਮਲੇ ਵਿਚ ਜ਼ਖ਼ਮੀ ਨੌਜਵਾਨ ਵਲੋਂ ਖੁਦ ਮੈਡੀਕਲ ਖਰਚਾ ਉਠਾਏ ਜਾਣ ਤੇ ਹੈਰਾਨੀ ਪ੍ਰਗਟ ਕੀਤੀ ਹੈ ਤੇ ਪ੍ਰੀਮੀਅਰ ਨੂੰ ਪੀੜਤ ਦੀ ਸਹਾਇਤਾ ਕਰਨ ਦੀ ਅਪੀਲ ਕੀਤੀ ਹੈ।

## ਟਿਕਟੌਕ 'ਤੇ ਅਮਰੀਕਾ ਵਿਚ ਲੱਗਣ ਵਾਲੀ ਪਾਬੰਦੀ 'ਤੇ ਟਰੂਡੋ ਨੇ ਧਾਰੀ ਚੁੱਪ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਉਹ ਅਮਰੀਕਾ ਵਿਚ ਟਿਕਟੌਕ ਦੇ ਭਵਿੱਖ 'ਤੇ ਕੋਈ ਟਿੱਪਣੀ ਨਹੀਂ ਕਰ ਰਹੇ ਪਰ ਉਨ੍ਹਾਂ ਦੀ ਆਪਣੀ ਸਰਕਾਰ ਕੈਨੇਡਾ ਵਾਸੀਆਂ ਦੀ ਸੁਰੱਖਿਆ 'ਤੇ ਲਗਾਤਾਰ ਨਜ਼ਰ ਰੱਖ ਰਹੀ ਹੈ। ਅਮਰੀਕੀ ਸੈਨੇਟ ਨੇ ਇਕ ਬਿੱਲ ਪਾਸ ਕੀਤਾ ਹੈ ਜਿਸ ਤਹਿਤ ਬੀਜਿੰਗ ਆਧਾਰਤ ਟਿਕਟੌਕ ਦੀ ਮੁੱਖ ਕੰਪਨੀ ਬਾਈਟਡਾਂਸ ਨੂੰ ਇਕ ਮਹੀਨੇ ਦੇ ਅੰਦਰ ਅੰਦਰ ਸੋਸ਼ਲ ਮੀਡੀਆ ਐਪ ਵੇਚਣੀ ਪਵੇਗੀ ਜਾਂ ਅਮਰੀਕੀ ਪਾਬੰਦੀ ਦਾ ਸਾਹਮਣਾ ਕਰਨਾ ਪਵੇਗਾ। ਟਰੂਡੋ ਨੇ ਕਿਹਾ ਕਿ ਜਦੋਂ ਗੱਲ ਟਿਕਟੌਕ ਦੀ ਆਉਂਦੀ ਹੈ ਤਾਂ ਸੁਰੱਖਿਆ, ਪ੍ਰਾਈਵੇਸੀ ਅਤੇ ਕੈਨੇਡੀਅਨਾਂ ਦੇ ਡਾਟਾ ਦੀ ਸੁਰੱਖਿਆ ਸਭ ਤੋਂ ਪਹਿਲਾਂ ਆਉਣੀ ਚਾਹੀਦੀ ਹੈ। ਫੈਡਰਲ ਲਿਬਰਲਜ਼ ਨੇ ਪਿਛਲੇ ਸਾਲ ਸਤੰਬਰ ਵਿਚ ਟਿਕਟੌਕ ਦੇ ਕੌਮੀ ਸੁਰੱਖਿਆ ਨਿਰੀਖਣ ਦਾ ਹੁਕਮ ਦਿੱਤਾ ਸੀ ਅਤੇ ਐਪ ਦੀ ਫੈਡਰਲ ਸਰਕਾਰੀ ਉਪਕਰਣਾਂ ਵਿਚ ਵਰਤਣ 'ਤੇ ਪਾਬੰਦੀ ਲਗਾ ਦਿੱਤੀ ਸੀ। ਪੱਛਮੀ ਮੁਲਕਾਂ ਦੀਆਂ ਸਰਕਾਰਾਂ ਨੂੰ ਇਹ ਚਿੰਤਾ ਸਤਾ ਰਹੀ ਹੈ ਕਿ ਮਸ਼ਹੂਰ ਪਲੇਟਫਾਰਮ ਟਿਕਟੌਕ ਸੰਵੇਦਨਸ਼ੀਲ ਡਾਟਾ ਚੀਨ ਸਰਕਾਰ ਦੇ ਹੱਥਾਂ ਵਿਚ ਸੌਂਪ ਸਕਦੀ ਹੈ ਜਾਂ ਗਲਤ ਜਾਣਕਾਰੀ ਦੇ ਸਾਧਨ ਵਜੋਂ ਵਰਤਿਆ ਜਾ ਸਕਦਾ ਹੈ। ਚੀਨ ਦਾ ਕਾਨੂੰਨ ਕਹਿੰਦਾ ਹੈ ਕਿ ਸਰਕਾਰ ਕੰਪਨੀਆਂ ਨੂੰ ਉਸ ਲਈ ਖੁਫੀਆ ਜਾਣਕਾਰੀ ਇਕੱਤਰ ਕਰਨ ਵਿਚ ਮਦਦ ਲਈ ਹੁਕਮ ਦੇ ਸਕਦੀ ਹੈ।

## ਐਸਐਨਸੀ-ਲਾਵਲਿਨ ਦੇ ਸਾਬਕਾ ਐਗਜ਼ੀਕਿਊਟਿਵ ਨੂੰ ਰਿਸ਼ਵਤ ਮਾਮਲੇ ਵਿਚ ਸਾਢੇ ਤਿੰਨ ਸਾਲ ਕੈਦ ਦੀ ਸਜ਼ਾ

ਓਟਵਾ-ਮਾਂਟਰੀਅਲ ਵਿਚ ਪੁੱਲ ਦੀ ਮੁਰੰਮਤ ਦੇ ਠੇਕੇ ਵਿਚ ਰਿਸ਼ਵਤ ਦੀ ਯੋਜਨਾ ਲੜਾਉਣ ਦੇ ਸਬੰਧ ਵਿਚ ਐਸਐਨਸੀ-ਲਾਵਾਲਿਨ ਕੰਪਨੀ ਦੇ ਸਾਬਕਾ ਐਗਜ਼ੀਕਿਊਟਿਵ ਨੂੰ ਸਾਢੇ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਪਿਛਲੇ ਮਹੀਨੇ ਭ੍ਰਿਸ਼ਟਾਚਾਰ ਅਤੇ ਧੋਖਾਧੜੀ ਲਈ ਦੋਸ਼ੀ ਠਹਿਰਾਏ ਜਾਣ ਪਿੱਛੋਂ ਕਿਸੇ ਸਮੇਂ ਇੰਜਨੀਅਰਿੰਗ ਕੰਪਨੀ ਦੇ ਉਪ ਪ੍ਰਧਾਨ ਦੇ ਚੋਟੀ ਦੇ ਰੈਂਕ 'ਤੇ ਰਹੇ ਨੋਰਮੰਡ ਮੋਰਿਨ ਨੂੰ ਸਜ਼ਾ ਸੁਣਾਈ ਗਈ ਹੈ। ਪੁਲਿਸ ਜਾਂਚ ਵਿਚ ਪਤਾ ਲੱਗਾ ਕਿ ਐਸਐਨਸੀ-ਲਾਵਾਲਿਨ ਦੇ ਐਗਜ਼ੀਕਿਊਟਿਵਾਂ ਨੇ 2000 ਦਹਾਕੇ ਦੇ ਸ਼ੁਰੂ ਵਿਚ ਜੈਕਿਊਜ਼ ਕਾਰਟੀਅਰ ਬ੍ਰਿਜ ਡੈੱਕ ਦੀ ਮੁਰੰਮਤ ਦਾ 128 ਮਿਲੀਅਨ ਡਾਲਰ ਦਾ ਠੇਕਾ ਲੈਣ ਦੇ ਉਦੇਸ਼ ਨਾਲ 23 ਲੱਖ ਡਾਲਰ ਦੀ ਰਿਸ਼ਵਤ ਦਿੱਤੀ ਸੀ। 2017 ਵਿਚ ਫੈਡਰਲ ਬ੍ਰਿਜ ਕਾਰਪੋਰੇਸ਼ਨ ਦੇ ਸਾਬਕਾ ਸੀਈਓ ਮਿਸ਼ੇਲ ਫੋਰਨੀਅਰ ਨੇ 1997 ਅਤੇ 2004 ਵਿਚਕਾਰ ਸਵਿਸ ਬੈਂਕ ਖਾਤਿਆਂ ਰਾਹੀਂ ਰਿਸ਼ਵਤ ਲੈਣ ਦੀ ਗੱਲ ਸਵੀਕਾਰ ਕੀਤੀ ਸੀ। ਫੋਰਨੀਅਰ ਜਿਸ ਨੇ 1990 ਦੇ ਦਹਾਕੇ ਦੇ ਸ਼ੁਰੂ ਵਿਚ ਵਿਰੋਧੀ ਧਿਰ ਦਾ ਨੇਤਾ ਹੁੰਦਿਆਂ ਜੀਨ ਕ੍ਰੇਟੀਅਨ ਦੇ ਚੀਫ ਆਫ ਸਟਾਫ ਵਜੋਂ ਸੇਵਾਵਾਂ ਨਿਭਾਈਆਂ ਨੂੰ ਸਾਢੇ ਪੰਜ ਸਾਲ ਕੈਦ ਦੀ ਸਜ਼ਾ ਦਿੱਤੀ ਗਈ ਸੀ ਅਤੇ ਉਦੋਂ ਤੋਂ ਉਸ ਨੂੰ ਪੈਰੋਲ ਮਿਲੀ ਹੋਈ ਹੈ। ਐਸਐਨਸੀ ਦੇ ਸਾਬਕਾ ਉਪ ਪ੍ਰਧਾਨ ਕਮਲ ਫ੍ਰਾਂਸਿਸ ਵੀ 2021 ਵਿਚ ਜਾਅਲਸਾਜ਼ੀ ਦੇ ਮਾਮਲੇ ਵਿਚ ਸ਼ਾਮਿਲ ਸੀ। ਉਸ ਦੇ ਖਿਲਾਫ ਅਦਾਲਤੀ ਕਾਰਵਾਈ ਚੱਲ ਰਹੀ ਹੈ। ਆਰਸੀਐਮਪੀ ਨੇ ਦੱਸਿਆ ਕਿ ਭ੍ਰਿਸ਼ਟਾਚਾਰ ਦੇ ਦੋਸ਼ ਇਕ ਗੁੰਝਲਦਾਰ ਜਾਂਚ ਜਿਸ ਨੂੰ ਪ੍ਰਾਜੈਕਟ ਐਗਰਾਫੇ (ਸਟੈਪਲ) ਕਿਹਾ ਗਿਆ ਹੈ ਦੇ ਸਿੱਟੇ ਵਜੋਂ ਸਾਹਮਣੇ ਆਏ ਹਨ ਜਿਹੜੀ 2013 ਵਿਚ ਸ਼ੁਰੂ ਕੀਤੀ ਗਈ ਸੀ। ਐਸਐਨਸੀ-ਲਾਵਾਲਿਨ 'ਤੇ ਪਿਛਲੇ ਸਮੇਂ ਵਿਚ ਇਸ ਦੇ ਲਿਬੀਆ ਵਿਚ ਕੀਤੇ ਕੰਮ ਦੇ ਸਬੰਧ ਵਿਚ ਭ੍ਰਿਸ਼ਟਾਚਾਰ ਅਤੇ ਧੋਖਾਧੜੀ ਦੇ ਦੋਸ਼ ਲਗਾਏ ਗਏ ਸਨ।

## ਸ਼ੰਜੀਲਿਨ ਦਿਵੇਦੀ ਨੇ ਮੰਗੀ ਐਬਟਸਫੋਰਡ-ਸਾਊਥ ਲੈਂਗਲੀ ਤੋਂ ਕੰਸਰਵੇਟਿਵ ਨਾਮਜ਼ਦਗੀ

ਸਰੀ-ਫੈਡਰਲ ਚੋਣਾਂ ਵਿਚ ਐਬਟਸਫੋਰਡ-ਸਾਊਥ ਲੈਂਗਲੀ ਹਲਕੇ ਲਈ ਕੰਸਰਵੇਟਿਵ ਪਾਰਟੀ ਦੀ ਉਮੀਦਵਾਰੀ ਲੱਭਣ ਦੀ ਦੌੜ ਵਿਚ ਸ਼ਾਮਿਲ ਵਿਅਕਤੀਆਂ ਦੀ ਗਿਣਤੀ ਹੁਣ ਚਾਰ ਹੋ ਗਈ ਹੈ। ਸ਼ੰਜੀਲਿਨ ਦਿਵੇਦੀ ਨੇ ਬੁੱਧਵਾਰ ਐਲਾਨ ਕੀਤਾ ਕਿ ਉਹ ਪਾਰਟੀ ਦੀ ਨਾਮਜ਼ਦਗੀ ਦੀ ਮੰਗ ਕਰ ਰਹੀ ਹੈ। ਇਸ ਤੋਂ ਪਹਿਲਾਂ ਮਾਈਕ ਡੇ ਜੋਂਗ (ਐਬਟਸਫੋਰਡ ਵੈਸਟ ਤੋਂ ਮੌਜੂਦਾ ਐਮਐਲਏ) ਮਾਈਕ ਮੂਰੇ ਅਤੇ ਸਟੀਵ ਸ਼ੈਫਰ ਵੀ ਪਾਰਟੀ ਦੀ ਨਾਮਜ਼ਦਗੀ ਦੀ ਮੰਗ ਕਰ ਰਹੇ ਹਨ। ਦਿਵੇਦੀ ਨੇ ਆਪਣੇ ਆਪ ਨੂੰ ਬੀਸੀ ਦੀ ਸਾਬਕਾ ਲੋਕ ਸੇਵਕ, ਸਮਾਜਿਕ ਉਦਮੀ ਤੇ ਤਜ਼ਰਬੇਕਾਰ ਰਾਜਸੀ ਸਲਾਹਕਾਰ ਆਖਿਆ ਹੈ। ਉਹੋ ਮੈਂਬਰ ਆਫ ਪਾਰਲੀਮੈਂਟ ਕੈਥੇ ਵੈਗਨਟਾਲ (ਯਾਰਕਟਨ-ਮੈਲਵਿਲ) ਅਤੇ ਸਾਬਕਾ ਐਮਪੀ ਤਮਾਰਾ ਜੈਨਸੇਨ (ਕਲੋਵਰਡੇਲ-ਲੈਂਗਲੀ ਸਿਟੀ) ਲਈ ਸੰਸਦੀ ਮਾਮਲਿਆਂ ਦੀ ਡਾਇਰੈਕਟਰ ਅਤੇ ਵੱਖ ਵੱਖ ਚੋਣ ਡਿਸਟ੍ਰਿਕਟ ਐਸੋਸੀਏਸ਼ਨਾਂ ਲਈ ਸੀਨੀਅਰ ਸਲਾਹਕਾਰ ਤੇ ਕੰਪੇਨ ਵਲੰਟੀਅਰ ਦੀ ਭੂਮਿਕਾ ਨਿਭਾਉਂਦੀ ਰਹੀ ਹੈ। ਅਗਲੀਆਂ ਫੈਡਰਲ ਚੋਣਾਂ 20 ਅਕਤੂਬਰ 2025 ਨੂੰ ਹੋਣਗੀਆਂ।

## ਪਲਾਸਟਿਕ ਦੇ ਉਤਪਾਦਨ ਤੇ ਪ੍ਰਦੂਸ਼ਣ ਨੂੰ ਟਰੈਕ ਕਰਨ ਲਈ ਕੈਨੇਡਾ ਕਾਇਮ ਕਰੇਗਾ ਨੈਸ਼ਨਲ ਰਜਿਸਟਰੀ

ਓਟਵਾ-ਵਾਤਾਵਰਣ ਮੰਤਰੀ ਸਟੀਵਨ ਗਿਲਬੌਲਟ ਨੇ ਕਿਹਾ ਕਿ ਕੈਨੇਡਾ ਪਲਾਸਟਿਕ ਦੇ ਉਤਪਾਦਨ ਤੇ ਪ੍ਰਦੂਸ਼ਣ ਦਾ ਪਤਾ ਲਗਾਉਣ ਲਈ ਨੈਸ਼ਨਲ ਰਜਿਸਟਰੀ ਕਾਇਮ ਕਰ ਰਿਹਾ ਹੈ ਅਤੇ ਕੈਨੇਡਾ ਪਲਾਸਟਿਕ ਦੇ ਰਹਿੰਦ ਖੂੰਹਦ ਦੇ ਖਾਤਮੇ ਲਈ ਵਿਸ਼ਵ ਸੰਧੀ ਲਈ ਗੱਲਬਾਤ ਦੇ ਇਕ ਹੋਰ ਦੌਰ ਦੀ ਮੇਜ਼ਬਾਨੀ ਕਰ ਰਿਹਾ ਹੈ। ਪੌਣਪਾਣੀ ਤਬਦੀਲੀ ਬਾਰੇ 2015 ਦੇ ਪੈਰਿਸ ਸਮਝੌਤੇ ਦੀ ਤਰ੍ਹਾਂ ਇਸ ਗੱਲਬਾਤ ਵਿਚ ਵਿਸ਼ਵ ਦੀ ਪਲਾਸਟਿਕ ਦੀ ਆਦਤ ਨਾਲ ਕਿਵੇਂ ਨਜਿੱਠਣਾ ਹੈ ਸਬੰਧੀ ਅੰਤਰਰਾਸ਼ਟਰੀ ਸਮਝੌਤਾ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇਗੀ। 2022 ਤੋਂ ਇਨਵਾਇਰਨਮੈਂਟ ਐਂਡ ਕਲਾਈਮੇਟ ਚੇਂਜ ਕੈਨੇਡਾ ਪਲਾਸਟਿਕ ਰਜਿਸਟਰੀ ਵਿਕਸਤ ਕਰਨ ਲਈ ਸਲਾਹ ਮਸ਼ਵਰਾ ਕਰ ਰਿਹਾ ਹੈ ਜਿਵੇਂ ਉਹ ਗਰੀਨਹਾਊਸ ਗੈਸ ਦੇ ਨਿਕਾਸ ਦਾ ਪਤਾ ਲਗਾਉਂਦਾ ਹੈ। ਇਹ ਰਜਿਸਟਰੀ ਅਗਲੇ ਕੁਝ ਸਾਲਾਂ ਵਿਚ ਕਾਇਮ ਹੋ ਜਾਵੇਗੀ। ਗਿਲਬੌਲਟ ਨੇ ਦੱਸਿਆ ਕਿ ਇਹ ਪਲਾਸਟਿਕ ਉਤਪਾਦਕਾਂ ਨੂੰ ਉਨ੍ਹਾਂ ਵਲੋਂ ਬਾਜ਼ਾਰ ਵਿਚ ਪੇਸ਼ ਕੀਤੀ ਜਾਂਦੀ ਸਮੱਗਰੀ ਲਈ ਹੋਰ ਜ਼ਿੰਮੇਵਾਰ ਬਣਾਵੇਗੀ। ਉਨ੍ਹਾਂ ਕਿਹਾ ਕਿ ਰਜਿਸਟਰੀ ਨਾਲ ਸਾਡਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕੈਨੇਡਾ ਵਿਚ ਪਲਾਸਟਿਕ ਦੇ ਉਤਪਾਦਨ ਤੇ ਵਰਤੋਂ ਬਾਰੇ ਪਾਰਦਰਸ਼ਤਾ ਹੋਵੇ। ਜੇਕਰ ਤੁਹਾਨੂੰ ਇਹ ਪਤਾ ਨਹੀਂ ਕਿ ਇਹ ਕੀ ਹੈ, ਇਹ ਕਿਥੇ ਹੈ ਅਤੇ ਕੀ ਵਰਤਿਆ ਜਾ ਰਿਹਾ ਹੈ ਤਾਂ ਸਮੱਸਿਆ ਨੂੰ ਹੱਲ ਕਰਨਾ ਔਖਾ ਹੈ। ਸਾਲਾਂ ਤੋਂ ਕੈਨੇਡਾ ਉਦਯੋਗਾਂ ਨੂੰ ਨਿਕਾਸ ਬਾਰੇ ਰਿਪੋਰਟ ਕਰਨ ਲਈ ਕਹਿ ਰਿਹਾ ਹੈ ਜਿਹੜਾ ਉਹ ਪੈਦਾ ਕਰਦੇ ਹਨ ਅਤੇ ਉਹ ਅੰਕੜੇ ਕੁਲ ਨਿਕਾਸ ਬਾਰੇ ਕੈਨੇਡਾ ਦੀ ਸਾਲਾਨਾ ਰਿਪੋਰਟ ਦੇ ਅਹਿਮ ਹਿੱਸਾ ਹਨ।







# ਲੱਚਰਤਾ ਦੇ ਵਿਸ਼ੇਸ਼ਣ ਨਾਲ ਵਜਦਾ ਚਮਕੀਲਾ....

**ਸੁਖਵਿੰਦਰ ਸਿੰਘ ਚੋਹਲਾ**



ਪਿਛਲੇ ਦਿਨੀਂ ਨੈਟਫਲਿਕਸ ਉਪਰ ਜਾਰੀ ਹੋਈ ਪੰਜਾਬੀ ਦੇ ਪ੍ਰਸਿਧ ਮਰਹੂਮ ਗਾਇਕ ਅਮਰ ਸਿੰਘ ਚਮਕੀਲਾ ਦੀ ਸੰਘਰਸ਼ ਭਰੀ ਜਿੰਦਗੀ, ਗਾਇਕੀ, ਉਸਦੀ ਮਕਬੂਲੀਅਤ ਬਾਰੇ ਬਣਾਈ ਗਈ ਫਿਲਮ ਜਾਰੀ ਹੋਈ ਹੈ। ਇਸ ਫਿਲਮ ਦੇ ਜਾਰੀ ਹੋਣ ਨਾਲ ਜਿਥੇ ਫਿਲਮਕਾਰ ਇਮਤਿਆਜ਼ ਅਲੀ ਦੀਆਂ ਕਲਾ ਜੁਗਤਾਂ ਤੇ ਚਮਕੀਲਾ ਜੋੜੀ ਦੀ ਭੂਮਿਕਾ ਨਿਭਾਉਣ ਵਾਲੇ ਗਾਇਕ ਦਿਲਜੀਤ ਦੁਸਾਂਝ ਤੇ ਪ੍ਰਨੀਤੀ ਚੋਪੜਾ ਦੇ ਕੰਮ ਦੀ ਚਰਚਾ ਹੈ ਉਥੇ ਸੋਸ਼ਲ ਮੀਡੀਆ ਉਪਰ ਪੰਜਾਬ ਦੇ ਉਸ ਭਿਆਨਕ ਦੌਰ ਨੂੰ ਲੈਕੇ ਵੀ ਕਈ ਤਰਾਂ ਦੀ ਚਰਚਾ ਹੈ। ਜਿਲਾ ਜਲੰਧਰ ਦੇ ਪਿੰਡ ਮਹਿਸਮਪੁਰਾ ਵਿਚ 8 ਮਾਰਚ 1988 ਨੂੰ ਤਿੰਨ ਨਕਾਬਪੋਸ਼ ਬੰਦੂਕਧਾਰੀਆਂ ਵਲੋਂ ਚਮਕੀਲਾ, ਉਸਦੀ ਪਤਨੀ ਅਮਰਜੋਤ ਕੌਰ ਅਤੇ ਦੋ ਹੋਰ ਸ਼ਾਜਿੰਦਿਆਂ ਨੂੰ ਮੌਤ ਦੇ ਘਾਟ ਉਤਾਰ ਦੇਣ ਦੀ ਘਟਨਾ ਦਿਲ ਦਹਿਲਾ ਦੇਣ ਵਾਲੀ ਤਾਂ ਹੈ ਹੀ ਪਰ ਗਾਇਕ ਜੋੜੀ ਅਤੇ ਉਹਨਾਂ ਦੇ ਦੋ ਸਾਥੀਆਂ ਦੀ ਹੱਤਿਆ ਦੀ ਗੁੱਥੀ ਅੱਜ ਵੀ ਅਣਸੁਲਝੀ ਹੈ। ਪੁਲਿਸ ਰਿਕਾਰਡ ਅੱਤਵਾਦ ਦੇ ਸਮੇਂ ਦੌਰਾਨ ਵਾਪਰੀਆਂ ਹਜਾਰਾਂ ਦੁਖਦਾਈ ਘਟਨਾਵਾਂ ਵਾਂਗ ਇਸ ਘਟਨਾ ਬਾਰੇ ਵੀ ਚੁੱਪ ਹੈ ਤੇ ਅਣਸੁਲਝੇ ਕੇਸਾਂ ਦੀ ਕਬਰ ਵਿਚ ਦਫਨ ਹੈ। ਪਰ ਲੋਕ ਚਰਚਾ ਵਿਚ ਚਮਕੀਲਾ ਜੋੜੀ ਦੇ ਕਾਤਲਾਂ ਦੇ ਨਾਮ ਗੁੱਝੇ ਨਹੀਂ। ਚਮਕੀਲਾ ਜੋੜੀ ਨੂੰ ਲੱਚਰ ਗਾਇਕੀ ਅਤੇ ਸਮਾਜ ਵਿਚ ਕਥਿਤ ਗੰਦ ਫੈਲਾਉਣ ਦੇ ਦੋਸ਼ਾਂ ਦੀ ਆੜ ਹੇਠ ਕਤਲ ਕੀਤੇ ਜਾਣ ਨੂੰ ਜਾਇਜ਼ ਠਹਿਰਾਉਣ ਵਾਲੇ ਲੋਕ ਸੋਸ਼ਲ ਮੀਡੀਆ ਉਪਰ ਉਸਦੇ ਕਾਤਲਾਂ ਨੂੰ ਜਾਂਬਾਜ਼ ਤੇ ਸਮੇਂ ਦੇ ਹੀਰੋ ਦਸਦਿਆਂ ਉਹਨਾਂ ਦੀ ਤਸਵੀਰਾਂ ਸਾਂਝੀਆਂ ਕਰ ਰਹੇ ਹਨ। ਸਮੇਂ ਦੇ ਪੁਲਿਸ ਤੰਤਰ ਨੇ ਇਸ ਕਤਲ ਨੂੰ ਅਣਸੁਲਝਿਆ ਤੇ ਅਣਪਛਾਤੇ ਕਾਤਲਾਂ ਦੇ ਨਾਮ ਹੇਠ ਫਾਈਲਾਂ ਬੰਦ ਕਰ ਦਿੱਤੀਆਂ ਪਰ ਹੁਣ ਸੋਸ਼ਲ ਮੀਡੀਆ ਰਾਹੀਂ ਉਸਦੇ ਕਾਤਲ ਜੱਗ ਜਾਹਰ ਹਨ ਤੇ ਇਕ ਸੋਚ ਦੇ ਹੀਰੋ ਵਜੋਂ ਪੇਸ਼ ਪੇਸ਼ ਹਨ।

ਚਮਕੀਲਾ ਜੋੜੀ ਨੂੰ ਕਤਲ ਕੀਤੇ ਜਾਣ ਤੇ ਉਹਨਾਂ ਨਾਲ ਦੇ ਹੋਰ ਸ਼ਾਜਿੰਦਿਆਂ ਨੂੰ ਮਾਰ ਦੇਣ ਦੀ ਘਟਨਾ ਸ਼ਾਇਦ ਇਹਨਾਂ ਲੋਕਾਂ ਲਈ ਦਿਲ ਦਹਿਲਾ ਦੇਣ ਤੇ ਆਤਮਾ ਨੂੰ ਝੰਜੋੜਨ ਵਾਲੀ ਨਾ ਹੋਵੇ ਪਰ ਉਹ ਲੋਕ ਜੋ ਅੱਜ ਤੱਕ ਉਸ ਦੌਰ ਦੀਆਂ ਅਨੇਕਾਂ ਅਜਿਹੀਆਂ ਘਟਨਾਵਾਂ ਨੂੰ ਸਰਕਾਰੀ ਏਜੰਸੀਆਂ ਦਾ ਨਾਮ ਦੇਕੇ ਸੁਰਖਰੂ ਹੋਣ ਦਾ ਯਤਨ ਕਰਦੇ ਰਹੇ ਹਨ, ਉਹਨਾਂ ਸਾਹਮਣੇ ਇਕ ਵੱਡਾ ਸਵਾਲ ਹਨ, ਇਹ ਸੋਸ਼ਲ ਮੀਡੀਆ ਦੀਆਂ ਪੋਸਟਾਂ। ਇਹ ਕਿਸੇ ਤੋਂ ਲੁਕਿਆ ਛੁਪਿਆ ਨਹੀ ਤੇ ਇਸ ਸਬੰਧੀ ਅਨੇਕਾਂ ਅਜਿਹੀਆਂ ਲਿਖਤਾਂ ਤੇ ਦਸਤਾਵੇਜ਼ ਸਾਹਮਣੇ ਹਨ ਜਿਹਨਾਂ ਵਿਚ ਇਹ ਭਰਪੂਰ ਖੁਲਾਸਾ ਹੈ ਕਿ ਖਾੜਕੂਵਾਦ ਦੇ ਦੌਰ ਲਈ ਕੌਣ ਧਿਰਾਂ ਜਿੰਮੇਵਾਰ ਸਨ। ਸਰਕਾਰ ਤੇ ਸਰਕਾਰੀ ਏਜੰਸੀਆਂ ਦੀ ਭੂਮਿਕਾ ਕੀ ਸੀ। ਸੋਸ਼ਲ ਮੀਡੀਆ ਦੀਆਂ ਪੋਸਟਾਂ ਇਹ ਸਾਬਿਤ ਕਰਨ ਲਈ ਕਾਫੀ ਹਨ ਕਿ ਸੋਸ਼ਲ ਮੀਡੀਆ ਵਾਲੀ ਅਜਿਹੀ ਸੋਚ ਅਤੇ ਨਾਦਾਨੀ ਕਾਰਣ ਹੀ ਸਰਕਾਰੀ ਏਜੰਸੀਆਂ ਪੰਜਾਬ ਦੇ ਹੱਕਾਂ ਲਈ ਸ਼ੁਰੂ ਕੀਤੇ ਗਏ ਸੰਘਰਸ਼ ਨੂੰ ਅੱਤਵਾਦ ਤੇ ਕਾਲਾ ਦੌਰਾ ਬਣਾਉਣ ਵਿਚ ਕਿਵੇਂ ਕਾਮਯਾਬ ਰਹੀਆਂ। ਇਕੱਲਾ ਕਿਸੇ ਸਰਕਾਰ ਜਾਂ ਏਜੰਸੀ ਨੂੰ ਜਿੰਮੇਵਾਰ ਠਹਿਰਾ ਦੇਣ ਨਾਲ ਹੀ ਸਭ ਕੁਝ ਠੀਕ ਨਹੀ ਹੋ ਜਾਂਦਾ। ਗਾਇਕ ਚਮਕੀਲਾ ਨੂੰ ਲੱਚਰ ਗਾਇਕੀ ਦਾ ਦੋਸ਼ ਲਗਾਕੇ ਕਤਲ ਕਰ ਦੇਣ ਤੇ ਸਮਾਜ ਨੂੰ ਸਾਫ ਸੁਥਰਾ ਬਣਾਉਣ ਦਾ ਠੇਕਾ ਲੈਣ ਦੇ ਦਾਅਵੇਦਾਰਾਂ ਦੀਆਂ ਸੋਸ਼ਲ ਪੋਸਟਾਂ ਇਹ ਸਮਝਣ ਲਈ ਕਾਫੀ ਹਨ ਕਿ ਸਾਡੇ ਲੋਕਾਂ ਨੇ ਬੀਤੇ ਤੋਂ ਕੋਈ ਸਬਕ ਨਹੀ ਸਿੱਖਿਆ। ਸਮੇਂ ਦੇ ਬਦਲਣ ਦੇ ਨਾਲ ਜਨਮਾਨਸ ਦੀ ਸੋਚ ਵਿਚ ਕਿਸੇ ਸਿਫਤੀ ਤਬਦੀਲੀ ਦੀ ਥਾਂ ਪਿਛਾਖੜੀ ਸੋਚ ਦਾ ਗਲਬਾ ਭਾਰੂ ਹੋਣਾ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ।

ਮਰਹੂਮ ਗਾਇਕ ਅਮਰ ਸਿੰਘ ਚਮਕੀਲਾ ਦੀ ਗਾਇਕੀ ਕਿਸੇ ਲਈ ਪਸੰਦੀਦਾ ਜਾਂ ਨਾਪਸੰਦੀਦਾ ਹੋਣਾ, ਚਰਚਾ ਦਾ ਵਿਸ਼ਾ ਬਣਾਉਣ ਦੀ ਲੋੜ ਨਹੀ। ਕਲਾ ਨੂੰ ਕਲਾ ਦੇ ਤੌਰ ਤੇ ਵੇਖਣਾ ਜਿਆਦਾ ਮਹੱਤਵਪੂਰਣ ਹੈ। ਕਿਸੇ ਗਾਇਕ ਕਲਾਕਾਰ ਦੇ ਬੋਲ ਜਾਂ ਕਲਾ ਦਾ ਕੋਈ ਵੀ ਰੂਪ ਸਮਾਜ ਦੇ ਕਿਸੇ ਖਾਸ ਉਮਰ ਵਰਗ ਦੇ ਲੋਕਾਂ ਲਈ ਉਤੇਜਨਾ ਜਾਂ ਮਨੋਰੰਜਨ ਭਰਪੂਰ ਤਾਂ ਹੋ ਸਕਦਾ ਹੈ ਪਰ ਇਸ ਹੱਦ ਤੱਕ ਖਤਰਨਾਕ ਨਹੀ ਕਿ ਕਿਸੇ ਦੀ ਜਾਨ ਲੈ ਲਈ ਜਾਵੇ। ਸਮਾਜ ਵਿਚ ਕਿਸੇ ਕਲਾਕਾਰ ਉਪਰ ਲਚਰਤਾ ਫੈਲਾਉਣ ਦੇ ਦੋਸ਼ ਲਗਾਕੇ ਉਸਨੂੰ ਕਿਸੇ ਵਿਵਸਥਾ ਰਾਹੀਂ ਜਵਾਬਦੇਹ ਬਣਾਉਣ ਦੀ ਬਿਜਾਏ ਸਮਾਜ ਦੇ ਠੇਕੇਦਾਰਾਂ ਵਲੋਂ ਮੌਤ ਦੀ ਸਜ਼ਾ ਦੇਣਾ ਤੇ ਫਿਰ ਉਸਨੂੰ ਜਾਇਜ਼ ਠਹਿਰਾਉਣ ਵਾਲੀ ਤਾਲਿਬਾਨੀ ਸੋਚ ਸਮਾਜਿਕ ਸੁਰੱਖਿਆ ਦੀ ਜ਼ਾਮਨ ਕਿਵੇਂ ਹੋ ਸਕਦੀ ਹੈ। ਸਾਹਿਤ ਬਾਰੇ ਆਮ ਪਰਿਭਾਸ਼ਾ ਹੈ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਭਾਵ ਜੋ ਸਾਡੇ ਸਮਾਜ ਵਿਚ ਵਾਪਰਦਾ ਹੈ,ਸਾਹਿਤ ਵਿਚ ਉਹੀ ਕੁਝ ਪ੍ਰਸਤੁਤ ਕੀਤਾ ਜਾਂਦਾ ਹੈ। ਗਾਇਕ ਕਲਾਕਾਰ ਵੀ ਉਸੇ ਸਮਾਜ ਦਾ ਅੰਗ ਹਨ, ਉਹ ਵੀ ਆਪਣੀਆਂ ਕਿਰਤਾਂ ਰਾਹੀਂ ਲੋਕਾਂ ਦੇ ਮਨ ਦੀ ਗੱਲ ਕਰਦਿਆਂ ਉਹਨਾਂ ਦਾ ਮਨੋਰੰਜਨ ਕਰਦੇ ਤੇ ਆਪਣੀ ਰੋਜੀ ਰੋਟੀ ਦੇ ਨਾਲ ਸ਼ੋਹਰਤ ਦੀਆਂ ਪੌੜੀਆਂ ਚੜਦੇ ਹਨ। ਜਿਵੇਂ ਕਿਸੇ ਸਾਹਿਤਕ ਕਿਰਤ ਦੀ ਚੋਣ ਕਰਨਾ ਪਾਠਕ ਉਪਰ ਨਿਰਭਰ ਹੁੰਦਾ ਹੈ, ਉਵੇਂ ਹੀ ਕੀ ਸੁਣਨਾ ਜਾਂ ਨਹੀ ਸੁਣਨਾ ਵੀ ਸਰੋਤੇ ਦੀ ਚੋਣ ਹੈ। ਪੰਜਾਬੀ ਦੇ ਮਹਾਨ ਸਾਹਿਤਕਾਰ ਸੰਤ ਸਿੰਘ ਸੇਖੋਂ ਨੇ ਪੰਜਾਬੀ ਗਾਇਕੀ ਬਾਰੇ ਆਪਣੀ ਇਕ ਲਿਖਤ ਵਿਚ ਲਿਖਿਆ ਸੀ, ਕਿ ਅਸੀਂ ਗਾਇਕੀ ਵਿਚ ਲਚਰਤਾ ਬਾਰੇ ਜੋ ਮਰਜੀ ਕਹੀ ਜਾਈਏ ਪਰ ਸੱਚ ਹੈ ਕਿ ਅਸੀਂ ਸਭ ਉਸੇ ਲਚਰਤਾ ਨੂੰ ਨਾਲ-ਨਾਲ ਮਾਣ ਵੀ ਰਹੇ ਹੁੰਦੇ ਹਾਂ। ਉਹਨਾਂ ਗਾਇਕ ਦੀਦਾਰ ਸੰਧੂ ਦੇ ਇਕ ਗੀਤ- ਤੂੰ ਗੋਰੀ ਚਿੱਟੀ ਗਰਦਨ ਨੂੰ ਜਦ ਮੋੜ ਗਲੀ ਵਿਚ ਵੜਗੀ ਦਾ ਖਾਸ ਜਿਕਰ ਕੀਤਾ ਸੀ। ਪੰਜਾਬੀ ਦੀਆਂ ਲੋਕ ਬੋਲੀਆਂ, ਲੋਕ ਗੀਤਾਂ ਤੇ ਗਾਇਕਾਂ-ਗੀਤਕਾਰਾਂ ਦੇ ਬੋਲ ਔਰਤ ਦੀ ਸੁੰਦਰਤਾ ਤੇ ਉਸਨੂੰ ਮਾਣਨ ਦੀਆਂ ਯੁਕਤਾਂ ਨਾਲ ਭਰੇ ਪਏ ਹਨ। ਜਿਸ ਸਮਾਜ ਵਿਚ ਸਦੀਆਂ ਤੋਂ ਔਰਤ ਨੂੰ ਇਕ ਔਰਤ ਵਿਅਕਤੀਤਵ ਤੋਂ ਪਹਿਲਾਂ ਇਕ ਮਨਮੋਹਣੀ ਤੇ ਮਾਨਣ ਵਾਲੀ ਵਸਤ ਵਾਂਗ ਵੇਖਿਆ ਤੇ ਪਰਚਾਰਿਆ ਗਿਆ ਹੋਵੇ, ਉਸ ਸਮਾਜ ਵਿਚ ਔਰਤ ਪ੍ਰਤੀ ਨਜ਼ਰੀਆ ਨਾਮ ਨਿਹਾਦ ਲੱਚਰ ਸ਼ਬਦਾਂ ਦਾ ਮੁਥਾਜ਼ ਨਹੀ। ਪੰਜਾਬੀ ਗਾਇਕੀ ਵਿਚ ਪੇਂਡੂ ਰਹਿਤਲ ਤੇ ਮਨੁੱਖੀ ਮਨ ਦੀਆਂ ਕੁੰਢਾਂ ਨੂੰ ਨਗਨ ਕਰਨ ਵਾਲਾ ਚਮਕੀਲਾ ਕਿਸੇ ਨੇ ਸੁਣਨਾ ਜਾਂ ਨਹੀ ਸੁਣਨਾ, ਇਹ ਤੁਹਾਡੀ ਆਪਣੀ ਪਸੰਦ ਹੈ ਪਰ ਲਚਰਤਾ ਦਾ ਦੂਸ਼ਣ ਲਗਾਕੇ ਕਿਸੇ ਕਲਾਕਾਰ ਨੂੰ ਕਤਲ ਕਰ ਦੇਣ ਵਾਲੀ ਸੋਚ, ਅਮੀਰ ਪੰਜਾਬੀ ਵਿਰਾਸਤ ਦਾ ਹਰਗਿਜ਼ ਹਿੱਸਾ ਨਹੀਂ ਹੋ ਸਕਦੀ... ਚਮਕੀਲੇ ਨੂੰ ਕਤਲ ਕਰ ਦਿੱਤਾ ਗਿਆ ਪਰ ਉਹ ਮਰਨ ਉਪਰੰਤ ਅੱਜ ਵੀ ਚਮਕ ਰਿਹਾ ਹੈ। ਉਸਦੇ ਗੀਤ ਲੱਚਰਤਾ ਦੇ ਵਿਸ਼ੇਸ਼ਣ ਨਾਲ ਵੱਜ ਰਹੇ ਹਨ, ਗੂੰਜ ਰਹੇ ਹਨ, ਕਿਉਂ ? ਪੰਜਾਬੀ ਸਰੋਤਿਆਂ ਦੇ ਮਨਾਂ ਵਿਚ ਇਸਦਾ ਜਵਾਬ ਸੁਰੱਖਿਅਤ ਹੈ।








# ਸਰੀ 'ਚ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ

ਸਫ਼ਾ 1 ਦੀ ਬਾਕੀ

ਪੰਜਾਬੀ ਦੇ ਨਾਮਵਰ ਵਿਦਵਾਨ ਡਾ. ਸਾਧੂ ਸਿੰਘ, ਨਾਮਵਰ ਚਿੱਤਰਕਾਰ ਜਰਨੈਲ ਸਿੰਘ, ਜਰਨਲਿਸਟ ਸੁਰਿੰਦਰ ਚਾਹਲ, ਪ੍ਰੋ. ਸੁਭਪ੍ਰੇਮ ਸਿੰਘ ਬਰਾੜ, ਕੁਲਵਿੰਦਰ ਕੁਲਾਰ, ਮੋਹਨ ਗਿੱਲ, ਮਿਸਜ਼ ਦਰਸ਼ਨ ਗਿੱਲ, ਮਿਸਜ਼ ਹਰਦਿਆਲ ਸਿੰਘ ਚੀਮਾ ਸਿਆਟਲ, ਰਣਧੀਰ ਢਿੱਲੋਂ, ਬਲਵਿੰਦਰ ਸਿੰਘ ਪੰਧੇਰ (ਫਿਨਲੈਂਡ), ਚਮਕੌਰ ਸਿੰਘ ਢਿੱਲੋਂ, ਨਵਦੀਪ ਗਿੱਲ। ਡਾ. ਸੁਖਵਿੰਦਰ ਵਿਰਕ ਅਤੇ ਹੋਰ ਕਈ ਸਾਹਿਤਕ ਸ਼ਖ਼ਸੀਅਤਾਂ ਨੇ ਪੁਸਤਕ ਪ੍ਰਦਰਸ਼ਨੀ ਵਿਚ ਹਾਜਰ ਹੋ ਕੇ ਸਤੀਸ਼ ਗੁਲਾਟੀ ਦੇ ਯਤਨਾਂ ਦੀ ਪ੍ਰਸੰਸਾ ਕੀਤੀ। ਨਗਰ ਕੀਤਰਨ ਦੇ ਪ੍ਰਬੰਧਕਾਂ, ਸੇਵਾਦਾਰਾਂ, ਪੁਲਿਸ ਅਤੇ ਪ੍ਰਸਾਸ਼ਨ ਵੱਲੋਂ ਲੋਕਾਂ ਦੀ ਸਹੂਲਤ ਲਈ ਸੁਚਾਰੂ ਪ੍ਰਬੰਧ ਕੀਤੇ ਗਏ ਸਨ। ਬਿਜਲੀ ਦੀਆਂ ਤਾਰਾਂ ਵਿਚ ਇਕ ਕਰੇਨ ਫਿੱਗਣ ਨਾਲ ਵੀ ਸਮਾਪਤੀ ਸਮਾਗਮਾਂ ਵਿਚ ਕਾਫੀ ਵਿਘਨ ਪਿਆ ਰਿਹਾ। ਪ੍ਰਬੰਧਕਾਂ ਨੇ ਨਗਰ ਕੀਰਤਨ ਵਿਚ ਸ਼ਾਮਲ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ।




# ਪਹਿਲੇ ਗੇੜ ਦੀਆਂ ਵੋਟਾਂ ਵਿਚ 'ਇੰਡੀਆ' ਗੱਠਜੋੜ ਅੱਗੇ-ਭਗਵੰਤ ਮਾਨ ਦਾ ਦਾਅਵਾ

ਅੰਮ੍ਰਿਤਸਰ (ਲਾਂਬਾ)-ਮੁੱਖ ਮੰਤਰੀ ਭਗਵੰਤ ਮਾਨ ਨੇ ਦਾਅਵਾ ਕੀਤਾ ਹੈ ਕਿ ਪਹਿਲੇ ਗੇੜ ਦੀਆਂ ਲੋਕ ਸਭਾ ਚੋਣਾਂ ਵਾਸਤੇ ਪਈਆਂ ਵੋਟਾਂ ਵਿੱਚ ਇੰਡੀਆ ਗਠਜੋੜ ਅੱਗੇ ਚੱਲ ਰਿਹਾ ਹੈ ਅਤੇ ਹਾਕਮ ਧਿਰ ਭਾਜਪਾ ਪਿੱਛੇ ਹੈ ਜਿਸ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰ ਵਿੱਚ ਵੀ ਤਬਦੀਲੀ ਆ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਾਰਟੀ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਚੋਣ ਪ੍ਰਚਾਰ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਗ੍ਰਿਫਤਾਰ ਕੀਤਾ ਗਿਆ। ਉਹ ਅੱਜ ਸ਼ਾਮ ਇੱਥੇ 'ਆਪ' ਦੇ ਲੋਕ ਸਭਾ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਦੇ ਹੱਕ ਵਿੱਚ ਚੋਣ ਪ੍ਰਚਾਰ ਵਾਸਤੇ ਪੁੱਜੇ ਸਨ। ਮੁੱਖ ਮੰਤਰੀ ਦੀ ਅਗਵਾਈ ਹੇਠ ਸ਼ਹਿਰ ਦੇ ਅੰਦਰੂਨੀ ਹਿੱਸੇ ਹਾਲ ਬਾਜ਼ਾਰ ਵਿੱਚ ਰੋਡ ਸ਼ੋਅ ਕੀਤਾ ਗਿਆ। ਉਨ੍ਹਾਂ ਆਖਿਆ ਕਿ ਇੰਡੀਆ ਗਠਜੋੜ ਦੀ ਜਿੱਤ ਨੂੰ ਦੇਖਦਿਆਂ ਪ੍ਰਧਾਨ ਮੰਤਰੀ ਦੇ ਸੁਰ ਵਿੱਚ ਵੀ ਤਬਦੀਲੀ ਆਈ ਹੈ। ਉਹ ਹੁਣ 400 ਪਾਰ ਦੀ ਥਾਂ ਸਥਿਰ ਸਰਕਾਰ ਦਾ ਨਾਅਰਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਮੰਗਲ ਸੂਤਰ ਤੇ ਨਾਂ ਤੇ ਵੋਟਾਂ ਮੰਗਣਾ ਸ਼ਰਮਨਾਕ ਹੈ। ਉਹਨਾਂ ਆਖਿਆ ਕਿ ਪੰਜਾਬ ਦੇ ਲੋਕ ਨਫਰਤ ਦੀ ਰਾਜਨੀਤੀ ਨੂੰ ਜਿੱਤਣ ਨਹੀਂ ਦੇਣਗੇ ਤੇ ਇਸ ਦਾ ਠੋਕਵਾਂ ਜਵਾਬ ਦੇਣਗੇ। ਉਹਨਾਂ ਨੇ ਲੋਕਾਂ ਨੂੰ ਆਪ ਦੇ ਹੱਕ ਵਿੱਚ ਭੁਗਤਣ ਦਾ ਸੱਦਾ ਦਿੰਦਿਆਂ ਕਿਹਾ ਕਿ ਇਸ ਵਾਰ 13-0 ਨਾਲ ਜਿੱਤ ਦਾ ਜਵਾਬ ਦਿੱਤਾ ਜਾਵੇ।



### ਵਿਧਾਇਕ ਕੁੰਵਰ ਵਿਜੇ ਪ੍ਰਤਾਪ ਨੇ ਕੀਤਾ ਰੋਡ ਸ਼ੋਅ ਦਾ ਬਾਈਕਾਟ

ਰੋਡ ਸ਼ੋਅ ਵਿੱਚ ਸ਼ਹਿਰ ਦੇ ਪੰਜ ਵਿਧਾਨ ਸਭਾ ਹਲਕਿਆਂ ਵਿੱਚੋਂ ਚਾਰ ਵਿਧਾਇਕ ਸ਼ਾਮਿਲ ਸਨ। ਜਦੋਂ ਕਿ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਰੋਡ ਸ਼ੋਅ ਵਿੱਚ ਸ਼ਾਮਿਲ ਨਹੀਂ ਸਨ। ਇਸ ਮਾਮਲੇ ਵਿੱਚ ਸ੍ਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਆਖਿਆ ਕਿ ਉਹਨਾਂ ਅੱਜ ਮੁੱਖ ਮੰਤਰੀ ਦੇ ਰੋਡ ਸ਼ੋਅ ਦਾ ਬਾਈਕਾਟ ਕੀਤਾ ਹੈ ਕਿਉਂਕਿ ਮੁੱਖ ਮੰਤਰੀ ਨੇ ਦੋ ਦਿਨ ਪਹਿਲਾਂ ਬਰਗਾੜੀ ਬੇਅਦਬੀ ਮਾਮਲੇ ਵਿੱਚ ਇੱਕ ਵਿਵਾਦਤ ਬਿਆਨ ਦਿੱਤਾ ਸੀ ਅਤੇ ਕਿਹਾ ਸੀ ਕਿ ਇਸ ਬਾਰੇ ਵਿਧਾਇਕ ਦੀ ਨਿੱਜੀ ਰਾਏ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਉਹ ਲੋਕ ਸਭਾ ਚੋਣ ਲੜ ਰਹੇ ਕੁਲਦੀਪ ਸਿੰਘ ਧਾਲੀਵਾਲ ਨੂੰ ਪੂਰਾ ਸਮਰਥਨ ਦੇਣਗੇ ਅਤੇ ਉਹ ਪਾਰਟੀ ਨੂੰ ਪੂਰੀ ਤਰ੍ਹਾਂ ਸਮਰਪਿਤ ਹਨ।

# ਚੋਣ ਕਮਿਸ਼ਨ ਦੇ ਨਿਸ਼ਾਨੇ 'ਤੇ ਆਏ ਮੰਤਰੀ ਲਾਲਜੀਤ ਸਿੰਘ ਭੁੱਲਰ



ਚੰਡੀਗੜ੍ਹ-'ਆਪ' ਸਰਕਾਰ ਦੇ ਕੈਬਨਿਟ ਮੰਤਰੀ ਅਤੇ ਹਲਕਾ ਖਡੂਰ ਸਾਹਿਬ ਤੋਂ ਪਾਰਟੀ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਚੋਣ ਕਮਿਸ਼ਨ ਦੇ ਨਿਸ਼ਾਨੇ 'ਤੇ ਆ ਗਏ ਹਨ। ਉਹ ਕੁਝ ਦਿਨ ਪਹਿਲਾਂ ਉਦੋਂ ਸਿਆਸੀ ਵਿਵਾਦ ਵਿਚ ਘਿਰ ਗਏ ਸਨ ਜਦੋਂ ਉਨ੍ਹਾਂ ਇੱਕ ਰੈਲੀ ਵਿਚ ਆਪਣੇ ਰਾਜਸੀ ਵਿਰੋਧੀ ਖ਼ਿਲਾਫ਼ ਬੇਤੁਕੀਆਂ ਟਿੱਪਣੀਆਂ ਅਤੇ ਖ਼ਾਸ ਕਰਕੇ ਇੱਕ ਭਾਈਚਾਰੇ ਖ਼ਿਲਾਫ਼ ਵਿਵਾਦਤ ਗੱਲਾਂ ਕੀਤੀਆਂ ਸਨ। ਬੇਸ਼ੱਕ ਭੁੱਲਰ ਨੇ ਰਾਮਗੜ੍ਹੀਆ ਭਾਈਚਾਰੇ ਤੋਂ ਜਨਤਕ ਮੁਆਫ਼ੀ ਮੰਗ ਲਈ ਹੈ ਪ੍ਰੰਤੂ ਇਹ ਮਾਮਲਾ ਹਾਲੇ ਠੰਢਾ ਹੁੰਦਾ ਨਜ਼ਰ ਨਹੀਂ ਆ ਰਿਹਾ ਹੈ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੇ ਇਸ ਬਾਰੇ ਤਰਨ ਤਾਰਨ ਦੇ ਜ਼ਿਲ੍ਹਾ ਚੋਣ ਅਫ਼ਸਰ ਤੋਂ ਰਿਪੋਰਟ ਮੰਗੀ ਸੀ। ਜ਼ਿਲ੍ਹਾ ਚੋਣ ਅਫ਼ਸਰ ਦੀ ਰਿਪੋਰਟ ਵਿਚ 'ਆਪ' ਉਮੀਦਵਾਰ ਵੱਲੋਂ ਇੱਕ ਖ਼ਾਸ ਭਾਈਚਾਰੇ ਖ਼ਿਲਾਫ਼ ਕੀਤੀ ਟਿੱਪਣੀ ਦੀ ਪੁਸ਼ਟੀ ਹੋ ਗਈ ਹੈ। ਮੁੱਖ ਚੋਣ ਅਧਿਕਾਰੀ ਨੇ ਇਹ ਰਿਪੋਰਟ ਚੋਣ ਕਮਿਸ਼ਨ ਕੋਲ ਭੇਜ ਦਿੱਤੀ ਹੈ ਅਤੇ ਉਸ ਵੱਲੋਂ ਇਸ ਦੀ ਘੋਖ ਕੀਤੀ ਜਾ ਰਹੀ ਹੈ। ਆਉਂਦੇ ਦਿਨਾਂ ਵਿਚ ਚੋਣ ਕਮਿਸ਼ਨ ਇਸ ਬਾਰੇ ਕੋਈ ਹੁਕਮ ਜਾਰੀ ਕਰ ਸਕਦਾ ਹੈ। ਦੂਜੇ ਪਾਸੇ ਰਾਮਗੜ੍ਹੀਆ ਭਾਈਚਾਰੇ ਵੱਲੋਂ ਪੰਜਾਬ ਵਿਚ ਲਾਲਜੀਤ ਭੁੱਲਰ ਖ਼ਿਲਾਫ਼ ਪ੍ਰਦਰਸ਼ਨ ਕੀਤੇ ਗਏ ਹਨ। ਰਾਮਗੜ੍ਹੀਆ ਭਾਈਚਾਰੇ ਨੇ ਭੁੱਲਰ ਦੀ ਉਮੀਦਵਾਰੀ ਵਾਪਸ ਲੈਣ ਲਈ ਕਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਇਹ ਕਿਹਾ ਸੀ ਕਿ ਲਾਲਜੀਤ ਭੁੱਲਰ ਨੇ ਅਜਿਹੀ ਟਿੱਪਣੀ ਕਰਕੇ ਠੀਕ ਨਹੀਂ ਕੀਤਾ ਹੈ ਅਤੇ ਉਨ੍ਹਾਂ ਹੁਣ ਮੁਆਫ਼ੀ ਮੰਗ ਲਈ ਹੈ। ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਕਾਨੂੰਨੀ ਸਲਾਹਕਾਰ ਅਰਸ਼ਦੀਪ ਸਿੰਘ ਕਲੇਰ ਅਤੇ ਰਾਮਗੜ੍ਹੀਆ ਸਿੱਖ ਸਭਾ ਤਰਨ ਤਾਰਨ ਨੇ ਚੋਣ ਕਮਿਸ਼ਨ ਕੋਲ ਲਾਲਜੀਤ ਸਿੰਘ ਭੁੱਲਰ ਦੀ ਸ਼ਿਕਾਇਤ ਕੀਤੀ ਸੀ।


ASTROLOGER & PSYCHIC
ਪੰਡਿਤ: ਅੰਮਾ ਭਗਵਾਨ
ਭਾਰਤੀ ਪ੍ਰਸਿੱਧ ਮਨੋਵਿਗਿਆਨਕ ਹੀਲਰ
ਹੱਥ ਪੜ੍ਹਨਾ ਅਤੇ ਕੁੰਡਲੀ ਪੜ੍ਹਨਾ
ਕਾਲੇ ਜਾਦੂ ਨੂੰ ਦੂਰ ਕਰਨ ਵਿੱਚ ਮਾਹਰ ਅਤੇ 100% ਗਾਰੰਟੀ ਜੋਤਸ਼-ਵਿਗਿਆਨ ਦੀਆਂ ਭਵਿੱਖਬਾਣੀਆਂ ਪ੍ਰਮਾਤਮਾ ਦੀ ਦਾਤ ਹੈ, ਪੀੜ੍ਹੀਆਂ ਤੋਂ ਚਲੀਆਂ ਜਾਂਦੀਆਂ ਹਨ
ਆਪਣੀ ਜ਼ਿੰਦਗੀ ਨੂੰ ਬਦਲਣ ਲਈ ਹੁਣੇ ਇੱਕ ਮੁਲਾਕਾਤ ਕਰੋ
604-902-8235
PALM READER
ਪੰਡਿਤ ਜੀ ਪਿਆਰ, ਰਿਸ਼ਤਿਆਂ, ਖੁਸ਼ੀ, ਪੈਸੇ, ਪਰਿਵਾਰ ਨਾਲ ਸਬੰਧਤ ਸਮੱਸਿਆਵਾਂ ਨੂੰ ਹੱਲ ਕਰਦੇ ਹਨ। ਦਲੀਲਾਂ, ਪਤੀ ਅਤੇ ਪਤਨੀ ਦੀਆਂ ਸਮੱਸਿਆਵਾਂ, ਆਪਣੇ ਪਿਆਰ ਨੂੰ ਵਾਪਸ ਪ੍ਰਾਪਤ ਕਰਨਾ। ਅਸੀਂ ਘਰ ਦਾ ਪ੍ਰਦਰਸ਼ਨ ਕਰਦੇ ਹਾਂ ਪ੍ਰਾਰਥਨਾਵਾਂ, ਦੇਵੀ ਪੂਜਾ, ਲਕਸ਼ਮੀ ਪੂਜਾ, ਸ਼ਕਤੀ ਪੂਜਾ ਅਤੇ ਸਾਰੀਆਂ ਪ੍ਰਾਰਥਨਾਵਾਂ ਇੱਥੇ ਕੀਤੀਆਂ ਜਾਣਗੀਆਂ।
ਤੁਹਾਡੀਆਂ ਸਮੱਸਿਆਵਾਂ ਲਈ ਵਧੀਆ ਹੱਲ
ਰਿਸ਼ਤਿਆਂ ਦੀਆਂ ਸਮੱਸਿਆਵਾਂ
ਡਿਪਰੈਸ਼ਨ ਅਤੇ ਤਣਾਅ
ਆਪਣਾ ਪਿਆਰ ਵਾਪਸ ਪ੍ਰਾਪਤ ਕਰੋ
ਗਲਤ-ਸਮਝਣਾ
ਪਿਆਰ ਬਾਰੇ ਚਿੰਤਾ
ਨੌਕਰੀ ਲੱਭ ਰਹੇ ਹੋ
ਪਿਆਰ ਵਿੱਚ ਨਾਖੁਸ਼
ਪੈਸੇ ਦੀ ਸਮੱਸਿਆ
ਪਰਿਵਾਰਕ ਦਲੀਲਾਂ
ਬੇਔਲਾਦ ਜੋੜੇ
ਜੋਤਿਸ਼ ਪੜ੍ਹਨਾ
ਪਿਆਰ ਨੂੰ ਦੁਬਾਰਾ ਮਿਲਾਉਣਾ
ਵਿਆਹ ਦੀ ਅਨੁਕੂਲਤਾ
ਸਹੀ ਹੱਥ ਪੜ੍ਹਨਾ
ਨਕਾਰਾਤਮਕ ਊਰਜਾ ਨੂੰ ਹਟਾਓ
ਪੰਡਿਤ ਜੀ ਹੱਲ ਕਰ ਸਕਦੇ ਹਨ, ਕਾਲਾ ਜਾਦੂ ਹਟਾਨਾ ਜਾਂ ਖਤਮ ਕਰਨਾ, ਵੂਡੂ ਨੂੰ ਸੰਭਾਲਣਨਾ, ਓਬੇਯਾਹ, ਦੁਸ਼ਟ ਆਤਮਾਵਾਂ ਅਤੇ ਸਾਰੀਆਂ ਬੁਰੀਆਂ ਨੈਗਟੀਵਿਟਿਜ਼
ਕੋਈ ਮੇਰਾ ਕੰਮ ਬ੍ਰੇਕ ਨਹੀਂ ਕਰ ਸਕਦਾ ਇਹ ਮੇਰੀ ਚੁਣੌਤੀ ਹੈ
ਸਾਰੇ ਧਰਮ ਜੀ ਆਇਆਂ ਨੂੰ
ਭਾਰਤ ਵਿੱਚ ਭਰੋਸੇਮੰਦ ਅਧਿਆਤਮਿਕ ਇਲਾਜ ਕਰਨ ਵਜੋਂ ਨਾਮਿਤ
ਕਿਸੇ ਵੀ ਸਮੱਸਿਆ ਲਈ ਜ਼ਿੰਦਗੀ ਭਰ ਸੁਰੱਖਿਆ ਉਪਲਬਧ ਹੈ
ਸਫਲਤਾ ਦਾ ਮੰਦਰ - ਇੱਥੇ ਸਾਨੂੰ ਮਿਲੋ
ਅਪਾਇੰਟਮੈਂਟ ਲਈ ਕਾਲ ਕਰੋ
604-902-8235
100% GUARANTEED
SCOTT ROAD, SURREY, BC (Open 7 Days, 10am-8pm)



REAL ESTATE BUY & SELL
KULWANT ATWAL
604-716-2135
MORTGAGES 1st, 2nd or Private
BHAJAN ATWAL
604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592
Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:
amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

## ਬੀਸੀ ਸਰਕਾਰ ਵਲੋਂ ਐਬਟਸਫੋਰਡ ਮਿਲਕ ਪਲਾਂਟ ਲਈ 25 ਮਿਲੀਅਨ ਡਾਲਰ ਯੋਗਦਾਨ ਦੇਣ ਦਾ ਐਲਾਨ

ਐਬਟਸਫੋਰਡ-ਇਥੇ ਦੁੱਧ ਉਤਪਾਦਨ ਕਰਨ ਵਾਲੇ ਅਤਿ-ਅਧੁਨਿਕ ਪਲਾਂਟ ਦੀ ਇਨ੍ਹਾਂ ਗਰਮੀਆਂ ਵਿਚ ਉਸਾਰੀ ਸ਼ੁਰੂ ਹੋ ਰਹੀ ਹੈ ਅਤੇ ਇਹ ਉਸਾਰੀ 2026 ਵਿਚ ਮੁਕੰਮਲ ਹੋ ਜਾਵੇਗੀ। ਬੀਸੀ ਦੀ ਐਨਡੀਪੀ ਸਰਕਾਰ ਨੇ ਵਿਟਾਲਸ ਨਿਊਟ੍ਰੀਸ਼ਨ ਵਿਖੇ ਇਸ ਦਾ ਐਲਾਨ ਕੀਤਾ ਹੈ। ਸੂਬਾ ਸਰਕਾਰ ਵੈਸਟ ਐਬਟਸਫੋਰਡ ਵਿਚ ਮਾਊਂਟ ਲੇਹਮਨ ਰੋਡ 'ਤੇ ਮੌਜੂਦ ਫੈਸਿਲਟੀ ਵੀਐਨ ਦੇ 143500 ਵਰਗ ਫੁੱਟ ਦੇ ਵਿਸਤਾਰ ਵਿਚ ਮਦਦ ਲਈ 25 ਮਿਲੀਅਨ ਡਾਲਰ ਦਾ ਯੋਗਦਾਨ ਪਾ ਰਹੀ ਹੈ। ਇਸ ਵਿਸਥਾਰ ਨੂੰ 2022 ਵਿਚ ਮਨਜ਼ੂਰੀ ਦਿੱਤੀ ਗਈ ਸੀ ਪਰ ਮੰਗਲਵਾਰ ਦੇ ਐਲਾਨ ਰਾਹੀਂ 99000 ਵਰਗ ਫੁੱਟ ਦੀ ਪ੍ਰਸਤਾਵਤ ਅਸਲੀ ਯੋਜਨਾ ਵਿਚ ਵਾਧਾ ਕੀਤਾ ਗਿਆ ਹੈ। ਵਿਟਾਲਸ ਵਿਚ ਮੌਜੂਦਾ ਸਮੇਂ 135 ਮੁਲਾਜ਼ਮ ਹਨ ਪਰ ਜਦੋਂ ਪ੍ਰਾਜੈਕਟ ਮੁਕੰਮਲ ਹੋ ਗਿਆ ਤਾਂ ਮੁਲਾਜ਼ਮਾਂ ਦੀ ਗਿਣਤੀ 230 ਤੋਂ ਵੀ ਵੱਧ ਜਾਵੇਗੀ। ਇਹ ਮੰਨਿਆਂ ਜਾਂਦਾ ਹੈ ਕਿ ਨਵਾਂ ਪਲਾਂਟ ਐਬਟਸਫੋਰਡ ਦੇ ਅੰਦਰ ਤੇ ਆਲੇ ਦੁਆਲੇ 3000 ਤੋਂ ਵੀ ਵੱਧ ਅਸਿੱਧੀਆਂ ਨੌਕਰੀਆਂ ਦੀ ਸਹਾਇਤਾ ਕਰੇਗਾ ਜਿਨ੍ਹਾਂ ਵਿਚ ਫਾਰਮਾਂ ਵਿਚ ਕੰਮ ਕਰਨ ਵਾਲੇ ਕਾਮੇ ਅਤੇ ਚੇਨ ਲੌਜਿਸਟਿਕਸ ਨਾਲ ਸਬੰਧਤ ਕਾਮੇ ਸ਼ਾਮਿਲ ਹਨ। ਸਰਕਾਰ ਦੀ ਪ੍ਰੈਸ ਰਿਲੀਜ਼ ਮੁਤਾਬਿਕ ਵੱਡਾ ਨਿਰਮਾਣ ਪਲਾਂਟ ਬੀਸੀ ਦੇ ਦੁੱਧ ਉਤਪਾਦਕਾਂ ਦੇ 50 ਫ਼ੀਸਦੀ ਸਥਾਨਕ ਉਤਪਾਦਨ ਵਿਚ ਵਾਧਾ ਕਰੇਗਾ ਜਿਸ ਨਾਲ ਸੂਬੇ ਵਿਚ ਦੁੱਧ ਦਾ ਸਾਲਾਨਾ ਉਤਪਾਦਨ 1.4 ਅਰਬ ਲਿਟਰ ਹੋ ਜਾਵੇਗਾ।

## ਪਤੀ ਨੇ ਕਮਲਜੀਤ ਸੰਧੂ ਦੀ ਹੱਤਿਆ ਦਾ ਦੋਸ਼ ਕਬੂਲਿਆ

ਐਬਟਸਫੋਰਡ-ਇਥੋਂ ਦੇ ਵਾਸੀ ਵਿਅਕਤੀ ਨੇ ਆਪਣੀ ਪਤਨੀ ਕਮਲਜੀਤ ਕੌਰ ਸੰਧੂ ਦੇ 2022 ਵਿਚ ਹੋਏ ਕਤਲ ਦੇ ਸਬੰਧ ਵਿਚ ਆਪਣਾ ਕਸੂਰ ਮੰਨ ਲਿਆ ਹੈ। ਆਰਸੀਐਮਪੀ ਦੀ ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (ਆਈਐਚਆਈਟੀ) ਦੀ ਨਿਊਜ਼ ਰਿਲੀਜ਼ ਮੁਤਾਬਿਕ ਇੰਦਰਜੀਤ ਸੰਧੂ ਨੇ 19 ਅਪ੍ਰੈਲ ਨੂੰ ਐਬਟਸਫੋਰਡ ਦੀ ਸੁਪਰੀਮ ਕੋਰਟ ਵਿਚ ਸੈਕਿੰਡ ਡਿਗਰੀ ਕਤਲ ਲਈ ਦੋਸ਼ੀ ਹੋਣ ਦੀ ਪਟੀਸ਼ਨ ਦਾਖਲ ਕੀਤੀ। ਐਬਟਸਫੋਰਡ ਪੁਲਿਸ ਵਿਭਾਗ ਨੂੰ 45 ਸਾਲਾ ਕਮਲਜੀਤ ਸੰਧੂ 28 ਜੁਲਾਈ 2022 ਨੂੰ ਐਬਟਸਫੋਰਡ ਵਿਚ ਈਸਟਵਿਊ ਸਟਰੀਟ ਦੇ 2900 ਬਲੌਕ ਵਿਚ ਜਾਨਲੇਵਾ ਜ਼ਖ਼ਮਾਂ ਤੋਂ ਪੀੜਤ ਮਿਲੀ ਸੀ। ਸਹਾਇਤਾ ਲਈ ਪਹਿਲਾਂ ਪਹੁੰਚੀ ਟੀਮ ਦੇ ਯਤਨਾਂ ਦੇ ਬਾਵਜੂਦ ਉਹ ਜ਼ਖ਼ਮਾਂ ਦੀ ਤਾਬ ਨਾ ਝਲਦੀ ਹੋਈ ਦਮ ਤੋੜ ਗਈ ਸੀ। 48 ਸਾਲਾ ਸੰਧੂ ਮੌਕੇ 'ਤੇ ਮੌਜੂਦ ਮਿਲਿਆ ਅਤੇ ਉਸ ਨੂੰ ਹਿਰਾਸਤ ਵਿਚ ਲੈ ਲਿਆ ਸੀ। ਕਮਲਜੀਤ ਸੰਧੂ ਦੀ ਮੌਤ ਸਮੇਂ ਉਸ ਦੇ 16 ਅਤੇ 21 ਸਾਲ ਦੇ ਦੋ ਬੱਚੇ ਸਨ। ਇੰਦਰਜੀਤ ਸੰਧੂ ਨੂੰ ਸਜ਼ਾ ਸੁਣਾਉਣ ਦੀ ਤਾਰੀਕ ਅਜੇ ਤਹਿ ਨਹੀਂ ਕੀਤੀ ਗਈ।

# 2022 'ਚ ਕਰੀਬ 66 ਹਜ਼ਾਰ ਭਾਰਤੀਆਂ ਨੂੰ ਅਮਰੀਕੀ ਨਾਗਰਿਕਤਾ ਮਿਲੀ

ਵਾਸ਼ਿੰਗਟਨ-ਅਮਰੀਕੀ ਸੰਸਦ ਵਿਚ ਰੱਖੀ ਤਾਜ਼ਾ ਰਿਪੋਰਟ ਮੁਤਾਬਕ ਸਾਲ 2022 ਵਿਚ ਕੁੱਲ 65,960 ਭਾਰਤੀਆਂ ਨੇ ਅਧਿਕਾਰਤ ਤੌਰ 'ਤੇ ਅਮਰੀਕੀ ਨਾਗਰਿਕਤਾ ਹਾਸਲ ਕੀਤੀ। ਮੈਕਸਿਕੋ ਤੋਂ ਬਾਅਦ ਭਾਰਤ, ਅਮਰੀਕਾ ਵਿਚ ਨਵੇਂ ਨਾਗਰਿਕਾਂ ਦਾ ਦੂਜਾ ਵੱਡਾ ਸਰੋਤ ਹੈ। ਅਮਰੀਕੀ ਮਰਦਮਸ਼ੁਮਾਰੀ ਬਿਊਰੋ ਦੇ ਅਮੈਰੀਕਨ ਕਮਿਊਨਿਟੀ ਸਰਵੇ ਡੇਟਾ ਮੁਤਾਬਕ 2022 ਵਿਚ ਵਿਦੇਸ਼ 'ਚ ਜਨਮੇ ਅਨੁਮਾਨਿਤ 4.6 ਕਰੋੜ ਲੋਕ ਅਮਰੀਕਾ ਵਿਚ ਰਹਿ ਰਹੇ ਸਨ, ਜੋ ਅਮਰੀਕਾ ਦੀ 33.3 ਕਰੋੜ ਦੀ ਕੁੱਲ ਅਬਾਦੀ ਦਾ ਲਗਪਗ 14 ਫੀਸਦ ਹੈ। ਇਨ੍ਹਾਂ ਵਿਚੋਂ 2.45 ਕਰੋੜ ਲਗਪਗ 53 ਫੀਸਦ ਖ਼ੁਦ ਨੂੰ ਅਮਰੀਕਾ ਦੇ ਕੁਦਰਤੀ ਨਾਗਰਿਕ ਦੱਸਦੇ ਹਨ। ਸੁਤੰਤਰ ਕਾਂਗਰੇਸ਼ਨਲ ਰਿਸਰਚ ਸਰਵਿਸ ਨੇ ਵਿੱਤੀ ਸਾਲ 2022 ਲਈ 15 ਅਪਰੈਲ ਨੂੰ ਜਾਰੀ ਆਪਣੀ 'ਯੂਐੱਸ ਨੈਚੁਰਲਾਈਜ਼ੇਸ਼ਨ ਪਾਲਿਸੀ' ਰਿਪੋਰਟ ਵਿਚ ਕਿਹਾ ਕਿ ਕੁੱਲ 9,69,380 ਵਿਅਕਤੀ ਵਿਸ਼ੇਸ਼ ਕੁਦਰਤੀ ਤਰੀਕੇ ਨਾਲ ਅਮਰੀਕੀ ਨਾਗਰਿਕ ਬਣੇ। ਰਿਪੋਰਟ ਵਿਚ ਕਿਹਾ ਗਿਆ ਕਿ 'ਕੁਦਰਤੀ ਤੌਰ 'ਤੇ ਅਮਰੀਕੀ ਨਾਗਰਿਕਤਾ ਹਾਸਲ ਕਰਨ ਵਾਲੇ ਵਿਅਕਤੀ ਵਿਸ਼ੇਸ਼ ਵਿਚ ਸਭ



ਤੋਂ ਵੱਧ ਮੈਕਸਿਕੋ ਵਿਚ ਜਨਮੇ ਲੋਕ ਹਨ। ਇਨ੍ਹਾਂ ਮਗਰੋਂ ਭਾਰਤ, ਫਿਲਪੀਨਜ਼, ਕਿਊਬਾ ਤੇ ਡੋਮੀਨਿਕ ਗਣਰਾਜ ਦਾ ਨੰਬਰ ਆਉਂਦਾ ਹੈ।" ਤਾਜ਼ਾ ਉਪਲੱਬਧ ਅੰਕੜਿਆਂ ਮੁਤਾਬਕ 1,28,878 ਮੈਕਸੀਕਨ ਨਾਗਰਿਕਾਂ ਤੇ 65,960 ਭਾਰਤੀਆਂ ਨੂੰ ਅਮਰੀਕੀ ਨਾਗਰਿਕਤਾ ਮਿਲੀ। ਇਸ ਸੂਚੀ ਵਿਚ ਫਿਲਪੀਨਜ਼(53,413) ਤੀਜੇ ਤੇ ਕਿਊਬਾ (46913) ਚੌਥੇ ਨੰਬਰ 'ਤੇ ਹੈ। ਸੀਆਰਐੱਸ 2023 ਮੁਤਾਬਕ ਵਿਦੇਸ਼ ਵਿਚ ਜਨਮੇ ਅਮਰੀਕੀ ਨਾਗਰਿਕਾਂ ਵਿਚੋਂ 28,31,330 ਭਾਰਤੀ ਹਨ ਤੇ ਮੈਕਸਿਕੋ 1,06,38,429 ਦੇ ਅੰਕੜੇ ਨਾਲ ਪਹਿਲੇ ਤੇ ਚੀਨ 22,25,447 ਨਾਲ ਤੀਜੇ ਨੰਬਰ 'ਤੇ ਹੈ। ਸੀਆਰਐੱਸ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਜਨਮੇ ਵਿਦੇਸ਼ੀ ਨਾਗਰਿਕ, ਜੋ ਅਮਰੀਕਾ ਵਿਚ ਰਹਿ ਰਹੇ ਹਨ, ਵਿਚੋਂ 42 ਫੀਸਦ ਮੌਜੂਦਾ ਸਮੇਂ ਅਮਰੀਕੀ ਨਾਗਰਿਕ ਬਣਨ ਲਈ ਅਯੋਗ ਹਨ। ਭਾਰਤ ਵਿਚ ਜਨਮੇ 2,93,000 ਵਿਦੇਸ਼ੀ ਨਾਗਰਿਕ, ਜੋ ਗ੍ਰੀਨ ਕਾਰਡ ਜਾਂ ਲੀਗਲ ਪਰਮਾਨੈਂਟ ਰੈਜ਼ੀਡੈਂਸੀ (ਐੱਲਪੀਆਰ) 'ਤੇ ਹਨ, ਕੁਦਰਤੀ ਤੌਰ 'ਤੇ ਅਮਰੀਕੀ ਨਾਗਰਿਕ ਬਣਨ ਦੇ ਯੋਗ ਹਨ।

# ਕੈਨੇਡਾ ਵਿਜ਼ਟਰ ਵੀਜ਼ੇ 'ਤੇ ਆਉਣ ਵਾਲੇ ਵਾਪਸ ਜਾਣ ਤੋਂ ਇਨਕਾਰੀ

ਵਿਨੀਪੈਗ-ਵਿਜ਼ਟਰ ਵੀਜ਼ਾ ਦੀਆਂ ਸ਼ਰਤਾਂ ਵਿਚ ਢਿੱਲ ਦੇਣੀ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੂੰ ਸੰਭਾਵਿਤ ਤੌਰ 'ਤੇ ਮਹਿੰਗੀ ਪਈ ਹੈ ਅਤੇ ਹੁਣ ਇਸ ਦੇ ਅਣਕਿਆਸੇ ਸਿੱਟੇ ਸਾਹਮਣੇ ਆ ਰਹੇ ਹਨ। 'ਟੋਰਾਂਟੋ ਸਟਾਰ' ਵੱਲੋਂ ਸਰਕਾਰੀ ਦਸਤਾਵੇਜ਼ਾਂ ਦੇ ਹਵਾਲੇ ਨਾਲ ਪ੍ਰਕਾਸ਼ਿਤ ਰਿਪੋਰਟ 'ਚ ਕਿਹਾ ਗਿਆ ਹੈ ਕਿ ਸਪੈਸ਼ਲ ਪ੍ਰੋਗਰਾਮ ਦੌਰਾਨ ਵਿਜ਼ਟਰ ਵੀਜ਼ਾ ਹਾਸਲ ਕਰਨ ਵਾਲੇ 1,52,400 ਜਣਿਆਂ ਵਿਚੋਂ 19,400 ਨੇ ਕੈਨੇਡਾ ਵਿੱਚ ਪਨਾਹ ਦਾ ਦਾਅਵਾ ਪੇਸ਼ ਕਰ ਦਿੱਤਾ। ਸਾਲ 2019 ਤੱਕ 57 ਲੱਖ ਟੈਂਪਰੇਰੀ ਰੈਜ਼ੀਡੈਂਟ ਵੀਜ਼ੇ ਜਾਰੀ ਕੀਤੇ ਗਏ ਜਿਨ੍ਹਾਂ ਵਿਚੋਂ 58,378 ਨੇ ਮੁਲਕ ਵਿੱਚ ਪਨਾਹ ਮੰਗੀ। ਇਮੀਗ੍ਰੇਸ਼ਨ ਮਾਹਰਾਂ ਮੁਤਾਬਕ ਇਹ ਅੰਕੜਾ ਬਹੁਤ ਜ਼ਿਆਦਾ ਬਣਦਾ ਹੈ ਕਿਉਂਕਿ ਇਸ ਅੰਕੜੇ ਵਿੱਚ ਕੌਮਾਂਤਰੀ ਵਿਦਿਆਰਥੀ, ਵਿਦੇਸ਼ੀ ਕਾਮੇ ਅਤੇ ਅਮਰੀਕਾ ਰਾਹੀਂ ਦਾਖਲ ਹੋਏ ਗ਼ੈਰਕਾਨੂੰਨੀ ਪਰਵਾਸੀ ਵੀ ਸ਼ਾਮਲ ਸਨ ਜਿਸ ਦੇ ਮੱਦੇਨਜ਼ਰ ਵਿਜ਼ਟਰ ਵੀਜ਼ਾ 'ਤੇ ਆਏ ਲੋਕਾਂ ਵੱਲੋਂ ਪਨਾਹ ਮੰਗਣ ਦਾ ਅੰਕੜਾ ਜ਼ਿਆਦਾ ਨਹੀਂ ਬਣਦਾ। ਰਿਪੋਰਟ ਮੁਤਾਬਕ ਕੈਨੇਡਾ ਵਿੱਚ 2023 ਦੌਰਾਨ ਇੱਕ ਲੱਖ 38 ਹਜ਼ਾਰ ਰਫਿਊਜੀ ਕਲੇਮ ਦਾਖਲ ਕੀਤੇ ਗਏ ਜਿਨ੍ਹਾਂ ਵਿੱਚ ਵਿਜ਼ਟਰ ਵੀਜ਼ਾ ਵਾਲੇ ਤਕਰੀਬਨ 14 ਫ਼ੀਸਦੀ ਬਣਦੇ ਹਨ। ਇਹ ਅੰਕੜਾ ਹੋਰ ਵਧਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿਉਂਕਿ ਵੀਜ਼ਾ ਐਕਸਪਾਇਰ ਹੋਣ ਦੀ ਸੂਰਤ ਵਿੱਚ ਹੋਰ ਜ਼ਿਆਦਾ ਵਿਦੇਸ਼ੀ ਨਾਗਰਿਕ ਰਫਿਊਜੀ ਕਲੇਮ ਦਾਇਰ ਕਰਨਗੇ। ਸਿਰਫ਼ ਇੱਥੇ ਹੀ ਬੱਸ ਨਹੀਂ ਸੁਪਰ ਵੀਜ਼ਾ 'ਤੇ ਆਏ ਕੁਝ ਵਿਦੇਸ਼ੀ ਨਾਗਰਿਕ ਵੀ ਪੱਕੇ ਤੌਰ 'ਤੇ ਇੱਥੇ ਰਹਿਣਾ ਚਾਹੁੰਦੇ ਹਨ। ਕੈਨੇਡੀਅਨ ਐਸੋਸੀਏਸ਼ਨ ਆਫ਼ ਰਫਿਊਜੀ ਲਾਅਇਰਜ਼ ਦੇ ਬੁਲਾਰੇ ਅਤੇ ਇਮੀਗ੍ਰੇਸ਼ਨ ਵਕੀਲ ਐਡਮ ਸੈਡਿੰਸਕੀ ਨੇ ਕਿਹਾ ਅਸਲੀਅਤ ਇਹ ਹੈ ਕਿ ਜਦੋਂ ਲੋਕ ਕਰੋਨਾ ਕਾਲ ਦੌਰਾਨ ਆਵਾਜਾਈ ਕਰਨ ਤੋਂ ਅਸਮਰਥ ਸਨ ਤਾਂ ਉਨ੍ਹਾਂ ਨੂੰ ਆਪਣੇ ਜੱਦੀ ਮੁਲਕ ਵਿੱਚ ਵਧੀਕੀਆਂ ਸਹਿਣੀਆਂ ਪਈਆਂ। ਆਖ਼ਰਕਾਰ ਜਦੋਂ ਉਨ੍ਹਾਂ ਨੂੰ ਮੌਕਾ ਮਿਲਿਆ ਤਾਂ ਉਨ੍ਹਾਂ ਨੇ ਕੈਨੇਡਾ ਵਿੱਚ ਆ ਕੇ ਪਨਾਹ ਮੰਗ ਲਈ। ਇਸ ਵੇਲੇ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਕੋਲ 11 ਲੱਖ 44 ਹਜ਼ਾਰ ਅਰਜ਼ੀਆਂ ਬਕਾਇਆ ਹਨ ਅਤੇ ਇਹ ਅੰਕੜਾ ਫਰਵਰੀ 2023 ਦੇ ਮੁਕਾਬਲੇ 64 ਫ਼ੀਸਦੀ ਹੇਠਾਂ ਆਇਆ ਹੈ।




## ਸੜਕ ਦੁਰਘਟਨਾ 'ਚ ਔਰਤ ਪੈਦਲ ਯਾਤਰੀ ਦੀ ਮੌਤ

ਐਬਟਸਫੋਰਡ-ਪਿਛਲੇ ਦਿਨੀ ਐਬਟਸਫੋਰਡ ਵਿਚ ਹਾਈਵੇਅ 11 'ਤੇ ਇਕ ਔਰਤ ਪੈਦਲ ਯਾਤਰੀ ਦੀ ਕਿਸੇ ਅਣਪਛਾਤੀ ਮੋਟਰ ਗੱਡੀ ਦੀ ਲਪੇਟ ਵਿਚ ਆਉਣ ਨਾਲ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਉਸ ਨੂੰ ਐਬਟਸਫੋਰਡ-ਮਿਸ਼ਨ ਹਾਈਵੇਅ ਦੇ 5300 ਬਲਾਕ ਵਿਖੇ ਸੱਦਿਆ ਗਿਆ ਜਿਥੇ ਉਸ ਨੂੰ ਪੈਦਲ ਯਾਤਰੀ ਔਰਤ ਜਾਨਲੇਵਾ ਸੱਟਾਂ ਤੋਂ ਪੀੜਤ ਮਿਲੀ। ਉਸ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਕਿਸੇ ਮੋਟਰ ਗੱਡੀ ਦੇ ਵੇਰਵੇ ਜਾਰੀ ਨਹੀਂ ਕੀਤੇ ਜਿਹੜੀ ਸ਼ਾਇਦ ਦੁਰਘਟਨਾ ਵਿਚ ਸ਼ਾਮਿਲ ਸੀ ਪਰ ਕਿਹਾ ਕਿ ਉਹ ਸ਼ਾਮ 10 ਵਜੇ ਤੋਂ ਅੱਧੀ ਰਾਤ ਵਿਚਕਾਰ ਸਮੇਂ ਦੇ ਚਸ਼ਮਦੀਦ ਗਵਾਹਾਂ ਅਤੇ ਡੈਸ਼-ਕੈਮ ਫੁੱਟੇਜ ਦੀ ਭਾਲ ਕਰ ਰਹੀ ਹੈ। ਜਾਂਚ ਅਧਿਕਾਰੀ ਦੁਰਘਟਨਾ ਵਿਚ ਮਰੀ ਔਰਤ ਦੀ ਪਛਾਣ ਕਰਨ ਲਈ ਕੰਮ ਕਰ ਰਹੇ ਹਨ।

## ਸਲਮਾਨ ਦੇ ਘਰ ਬਾਹਰ ਗੋਲੀਬਾਰੀ ਮਾਮਲੇ ਵਿਚ ਪੰਜਾਬ 'ਚੋਂ ਦੋ ਮੁਲਜ਼ਮ ਗ੍ਰਿਫ਼ਤਾਰ

ਮੁੰਬਈ-ਮੁੰਬਈ ਪੁਲੀਸ ਨੇ ਬੌਲੀਵੁੱਡ ਅਦਾਕਾਰ ਸਲਮਾਨ ਖਾਨ ਦੇ ਘਰ ਦੇ ਬਾਹਰ ਗੋਲੀਬਾਰੀ ਦੇ ਮਾਮਲੇ ਵਿੱਚ ਅੱਜ ਪੰਜਾਬ ਵਿੱਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਕ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਸੁਭਾਸ਼ ਚੰਦਰ (37) ਅਤੇ ਅਨੁਜ ਥਾਪਨ (32) ਨੇ 15 ਮਾਰਚ ਨੂੰ ਸ਼ੂਟਰਾਂ ਨੂੰ ਹਥਿਆਰ ਅਤੇ ਕਾਰਤੂਸ ਮੁਹੱਈਆ ਕਰਵਾਏ ਸਨ। ਦੋਵਾਂ ਨੂੰ ਉੱਤਰੀ ਪੰਜਾਬ ਤੋਂ ਅਪਰਾਧ ਸ਼ਾਖਾ ਦੀ ਟੀਮ ਨੇ ਗ੍ਰਿਫ਼ਤਾਰ ਕੀਤਾ ਸੀ ਤੇ ਇਨ੍ਹਾਂ ਨੂੰ ਮੁੰਬਈ ਲਿਜਾਇਆ ਜਾ ਰਿਹਾ ਹੈ। ਦੋਵੇਂ ਮੁਲਜ਼ਮ ਸਾਗਰ ਪਾਲ (21) ਅਤੇ ਵਿੱਕੀ ਗੁਪਤਾ (24) ਨਾਲ ਤਿੰਨ ਘੰਟੇ ਤੱਕ ਪਨਵੇਲ ਵਿੱਚ ਰੁਕੇ ਸਨ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
604-594-0616



## ਯੂਟਿਲਟੀ ਦਰਾਂ 'ਤੇ ਵਧੇਰੇ ਕੰਟਰੋਲ ਦੀ ਮੰਗ ਕਰਨ ਵਾਲਾ ਬਿੱਲ ਅਲਬਰਟਾ ਲੈਜਿਸਲੇਚਰ ਵਿਚ ਪੇਸ਼

ਐਡਮਿੰਟਨ-ਅਲਬਰਟਾ ਸਰਕਾਰ ਨੇ ਸੋਮਵਾਰ ਲੈਜਿਸਲੇਚਰ ਵਿਚ ਇਕ ਬਿੱਲ ਪੇਸ਼ ਕੀਤਾ ਹੈ ਜਿਹੜਾ ਸ਼ਹਿਰ ਦੀ ਮਾਲਕੀ ਵਾਲੀਆਂ ਕੰਪਨੀਆਂ ਜਿਵੇਂ ਕੈਲਗਰੀ ਦੀ ਐਨਮੈਕਸ ਅਤੇ ਐਡਮਿੰਟਨ ਦੀ ਐਪਕੋਰ ਤੇ ਲਈ ਬਿਜਲੀ ਅਤੇ ਕੁਦਰਤੀ ਗੈਸ ਲਈ ਸਥਾਨਕ ਪਹੁੰਚ ਫੀਸਾਂ ਦੇ ਹਿਸਾਬ ਕਿਤਾਬ ਕਰਨ ਦੇ ਤਰੀਕੇ ਨੂੰ ਸੀਮਤ ਕਰੇਗਾ। ਯੂਨਾਈਟਡ ਕੰਸਰਵੇਟਿਵ ਪਾਰਟੀ ਮਿਊਂਸਪਲ ਸਰਕਾਰੀ ਐਕਟ ਵਿਚ ਸੋਧ ਕਰਕੇ ਤਬਦੀਲੀਆਂ ਕਰਨ ਦਾ ਇਰਾਦਾ ਰੱਖਦੀ ਹੈ। ਇਹ ਕਾਨੂੰਨ ਸੂਬੇ ਨੂੰ ਸਥਾਨਕ ਸਰਕਾਰ 'ਤੇ ਅਧਿਕਾਰ ਦਿੰਦਾ ਹੈ। ਮਿਸ ਸਮਿਥ ਓਟਵਾ ਨਾਲ ਆਪਣੇ ਕਾਨੂੰਨੀ ਅਧਿਕਾਰ ਖੇਤਰ ਦੀ ਲੜਾਈ ਦੇ ਹਿੱਸੇ ਵਜੋਂ ਮਿਊਂਸਪਲਟੀਆਂ ਖ਼ਾਸਕਰ ਕੈਲਗਰੀ ਅਤੇ ਐਡਮਿੰਟਨ ਉਪਰ ਸ਼ਕਤੀ ਵਧਾ ਰਹੀ ਹੈ। ਉਹ ਇਹ ਵੀ ਦਲੀਲ ਦਿੰਦੀ ਹੈ ਕਿ ਜਦੋਂ ਉਹ ਇਹ ਮਹਿਸੂਸ ਕਰਦੀ ਹੈ ਕਿ ਸਥਾਨਕ ਸਿਆਸਤਦਾਨ ਅਲਬਰਟਾ ਵਾਸੀਆਂ ਦੇ ਬਿਹਤਰ ਹਿੱਤਾਂ ਲਈ ਕੰਮ ਨਹੀਂ ਕਰ ਰਹੇ ਤਾਂ ਪ੍ਰੀਮੀਅਰ ਵਜੋਂ ਉਸ ਦਾ ਮਿਊਂਸਪਲ ਮਾਮਲਿਆਂ ਵਿਚ ਦਖ਼ਲ ਦੇਣਾ ਫਰਜ਼ ਬਣਦਾ ਹੈ। ਜਦੋਂ ਫੈਡਰਲ ਸਰਕਾਰ ਵਲੋਂ ਦਖਲਅੰਦਾਜ਼ੀ ਦੀ ਗੱਲ ਆਉਂਦੀ ਹੈ ਤਾਂ ਉਹ ਅਲਬਰਟਾ ਟੈਰੀਟਰੀ ਦਾ ਪੂਰੀ ਦ੍ਰਿੜਤਾ ਨਾਲ ਬਚਾਅ ਕਰਦੀ ਹੈ। ਉਨ੍ਹਾਂ ਦਾ ਕਹਿਣਾ ਕਿ ਮਿਊਂਸਪਲਟੀਆਂ ਸੂਬਾ ਕਾਨੂੰਨ ਕਰਕੇ ਮੌਜੂਦ ਹਨ, ਇਸ ਲਈ ਉਹ ਉਸ ਦੇ ਘੇਰੇ ਹੇਠ ਆਉਂਦੀਆਂ ਹਨ। ਸੂਬੇ ਵਿਚ ਸਥਾਨਕ ਪਹੁੰਚ ਫੀਸ ਵੱਖੋ ਵੱਖਰੀ ਹੈ ਅਤੇ ਕੈਲਗਰੀ ਵਿਚ ਉਤਰਾਅ ਚੜ੍ਹਾਅ ਬਾਜ਼ਾਰ ਦੀ ਭਵਿੱਖਬਾਣੀ ਦੇ ਆਧਾਰ 'ਤੇ ਹੁੰਦੇ ਹਨ। ਅਲਬਰਟਾ ਦਾ ਕਹਿਣਾ ਕਿ ਕੈਲਗਰੀ ਵਾਸੀਆਂ ਨੇ 2023 ਵਿਚ ਐਡਮਿੰਟਨ ਵਿਚ ਔਸਤਨ 75 ਡਾਲਰ ਦੇ ਮੁਕਾਬਲੇ 240 ਡਾਲਰ ਸਥਾਨਕ ਪਹੁੰਚ ਫੀਸ ਅਦਾ ਕੀਤੀ ਸੀ।

## ਫੈਡਰਲ ਸਰਕਾਰ ਨੇ ਵੈਕਸੀਨ ਇੰਜਰੀ ਮੁਆਵਜ਼ਾ ਫੰਡ ਲਈ ਦਿੱਤੇ ਹੋਰ 36.4 ਮਿਲੀਅਨ ਡਾਲਰ

ਓਟਵਾ-ਫੈਡਰਲ ਸਰਕਾਰ ਨੇ ਉਨ੍ਹਾਂ ਲੋਕਾਂ ਦੀ ਸਹਾਇਤਾ ਲਈ ਤਿਆਰ ਕੀਤੇ ਫੰਡ ਲਈ 36.4 ਮਿਲੀਅਨ ਡਾਲਰ ਹੋਰ ਦਿੱਤੇ ਹਨ ਜਿਹੜੇ 2020 ਦੇ ਅੰਤ ਦੇ ਸਮੇਂ ਤੋਂ ਟੀਕਿਆਂ ਨਾਲ ਬਿਮਾਰ ਪੈ ਗਏ ਜਾਂ ਮਾਰੇ ਗਏ ਸਨ। ਇਸ ਪ੍ਰੋਗਰਾਮ ਦਾ ਐਲਾਨ ਜਨਤਾ ਲਈ ਕੋਵਿਡ-19 ਦੀ ਪਹਿਲੀ ਵੈਕਸੀਨ ਉਪਲਬਧ ਹੋਣ ਪਿੱਛੋਂ ਕੀਤਾ ਸੀ ਅਤੇ ਇਹ ਉਨ੍ਹਾਂ ਲੋਕਾਂ ਨੂੰ ਵਿੱਤੀ ਮੁਆਵਜ਼ਾ ਪ੍ਰਦਾਨ ਕਰਦਾ ਹੈ ਜਿਨ੍ਹਾਂ 'ਤੇ ਹੈਲਥ ਕੈਨੇਡਾ ਤੋਂ ਪ੍ਰਵਾਨਤ ਟੀਕਿਆਂ ਦਾ ਮਾੜਾ ਪ੍ਰਭਾਵ ਪਿਆ ਹੈ। ਲਿਬਰਲਜ਼ ਨੇ ਪ੍ਰੋਗਰਾਮ ਦੇ ਪਹਿਲੇ ਪੰਜ ਸਾਲਾਂ ਲਈ 75 ਮਿਲੀਅਨ ਡਾਲਰ ਰੱਖੇ ਸਨ। ਪ੍ਰੋਗਰਾਮ ਨੂੰ ਚਲਾਉਣ ਅਤੇ ਕਿਊਬਕ ਤੋਂ ਬਾਹਰ ਯੋਗ ਦਾਅਵਿਆਂ ਲਈ ਪੈਸੇ ਦੇਣ ਵਾਸਤੇ ਅੱਜ ਦੀ ਤਾਰੀਖ ਤਕ ਨਿੱਜੀ ਕੰਪਨੀ ਓਕਸਾਰੋ ਨੂੰ ਓਟਵਾ ਤੋਂ 56.2 ਮਿਲੀਅਨ ਡਾਲਰ ਮਿਲੇ ਹਨ। ਦਸੰਬਰ ਤਕ ਕੰਪਨੀ ਨੇ ਮੁਆਵਜ਼ੇ ਲਈ 11.2 ਮਿਲੀਅਨ ਡਾਲਰ ਅਦਾ ਕੀਤੇ ਹਨ। ਕਿਊਬਕ ਦਾ 1985 ਤੋਂ ਆਪਣਾ ਹੀ ਵੈਕਸੀਨ ਇੰਜਰੀ ਮੁਆਵਜ਼ਾ ਪ੍ਰੋਗਰਾਮ ਹੈ ਅਤੇ ਜਦੋਂ ਫੈਡਰਲ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਤਾਂ ਇਸ ਨੂੰ 7.75 ਮਿਲੀਅਨ ਡਾਲਰ ਮਿਲੇ ਹਨ। ਪਿਛਲੇ ਹਫਤੇ ਹਾਊਸ ਆਫ ਕਾਮਨਜ਼ ਵਿਚ ਪੇਸ਼ ਕੀਤੇ ਫੈਡਰਲ ਬਜਟ ਦੇ ਹਿੱਸੇ ਵਜੋਂ ਪ੍ਰੋਗਰਾਮ ਦੇ ਅਗਲੇ ਦੋ ਸਾਲਾਂ ਲਈ ਲਿਬਰਲ ਸਰਕਾਰ ਨੇ ਓਕਸਾਰੋ ਤੇ ਕਿਊਬਕ ਲਈ 36 ਮਿਲੀਅਨ ਡਾਲਰ ਰੱਖੇ ਹਨ।

# ਭਾਈ ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ ਤੋਂ ਲੜਨਗੇ ਆਜ਼ਾਦ ਉਮੀਦਵਾਰ ਵਜੋਂ ਚੋਣ

ਅੰਮ੍ਰਿਤਸਰ-ਡਿਬਰੂਗੜ੍ਹ (ਆਸਾਮ) ਦੀ ਜੇਲ ਵਿਚ ਬੰਦ ਨੌਜਵਾਨ ਸਿੱਖ ਆਗੂ ਭਾਈ ਅੰਮ੍ਰਿਤਪਾਲ ਸਿੰਘ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨਗੇ। ਇਸ ਸੰਬੰਧੀ ਇਕ ਪ੍ਰੈਸ ਬਿਆਨ ਭਾਈ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਅੱਜੇ ਇਥੇ ਜਾਰੀ ਕਰਦਿਆਂ ਕਿਹਾ ਗਿਆ ਹੈ ਕਿ ਸਰਕਾਰ ਵੱਲੋਂ ਨੌਜਵਾਨਾਂ ਉੱਤੇ ਵੱਡੀ ਪੱਧਰ ਤੇ ਕੀਤੇ ਜਾ ਰਹੇ ਜ਼ੁਲਮਾਂ ਨੂੰ ਠੱਲ੍ਹ ਪਾਉਣ ਲਈ, ਧਰਮ ਪ੍ਰਚਾਰ ਦੀ ਲਹਿਰ ਨੂੰ ਪ੍ਰਚੰਡ ਰੂਪ ਦੇਣ ਵਾਸਤੇ, ਐਨ ਐੱਸ.ਏ. ਖਤਮ ਕਰਵਾਉਣ ਲਈ, ਬੰਦੀ ਸਿੰਘਾਂ ਦੀ ਰਿਹਾਈ ਲਈ ਅਤੇ ਪੰਜਾਬ ਦੇ ਦਰਦ ਨੂੰ ਅੰਤਰਰਾਸ਼ਟਰੀ ਪੱਧਰ ਤੇ ਲਿਜਾਣ ਲਈ ਭਾਈ ਅੰਮ੍ਰਿਤਪਾਲ ਸਿੰਘ ਨੂੰ ਚੋਣ ਲੜਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਐਲਾਨ ਇਥੇ ਭਾਈ ਅੰਮ੍ਰਿਤਪਾਲ ਸਿੰਘ ਦੀ ਮਾਤਾ ਬੀਬੀ ਬਲਵਿੰਦਰ ਕੌਰ ਵੱਲੋਂ ਸਾਰਾਗੜ੍ਹੀ ਨੇੜੇ ਲੱਗੇ ਪੱਕਾ ਮੋਰਚੇ ਦੇ ਸਥਾਨ ਤੋਂ ਕੀਤਾ ਗਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਭਾਵੇਂਕਿ ਭਾਈ ਅੰਮ੍ਰਿਤਪਾਲ ਸਿੰਘ ਚੋਣ ਲੜਨ ਦੇ ਹੱਕ ਵਿੱਚ ਨਹੀਂ ਸੀ ਅਤੇ ਉਹ ਇਹ ਮਹਿਸੂਸ ਕਰਦੇ ਹਨ ਕਿ ਚੋਣਾਂ ਸਾਡੀ ਕੌਮ ਦਾ ਕੋਈ ਪੱਕਾ ਤੇ ਸਦੀਵੀ ਹੱਲ ਨਹੀਂ ਪਰ ਇਸਦੇ ਨਾਲ ਹੀ ਇਲਾਕੇ ਦੀਆਂ ਸੰਗਤਾਂ, ਪੰਚਾਇਤਾਂ ਅਤੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਮਿਲੇ



ਸੰਦੇਸ਼ਾਂ ਮੁਤਾਬਿਕ ਸਮਾਂ ਅਤੇ ਹਾਲਾਤ ਇਹ ਮੰਗ ਕਰਦੇ ਹਨ ਕਿ ਜਿਸ ਤਰ੍ਹਾਂ ਸਰਕਾਰ ਨੌਜਵਾਨਾਂ ਉੱਤੇ ਤਸ਼ੱਦਦ ਕਰ ਰਹੀ ਹੈ, ਜਿਵੇਂ ਉਨ੍ਹਾਂ ਨੂੰ ਦੂਰ ਦੁਰਾਡੇ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਡਿਬਰੂਗੜ੍ਹ ਜੇਲ੍ਹ ਵਿੱਚ ਸੁੱਟਿਆ ਗਿਆ ਹੈ, ਜਿੱਥੇ ਸਿਰਫ ਇੱਕ ਮੁਲਾਕਾਤ ਕਰਨ ਲਈ ਵੀ ਕਈ ਤਰ੍ਹਾਂ ਦੀਆਂ ਖੱਜਲਖੁਆਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿੱਥੇ ਧਾਰਮਿਕ ਚੇਤਨਾ ਮਾਰਚ ਕੱਢਣ ਦੀ ਇਜਾਜ਼ਤ ਨਹੀਂ ਅਤੇ ਜਿੱਥੇ ਸਰਕਾਰ ਨੇ ਸਾਰੀਆਂ ਸ਼ਰਮਾਂ ਨੂੰ ਲਾਹ ਕੇ ਬੀਬੀਆਂ ਨੂੰ ਵੀ ਜੇਲ੍ਹਾਂ ਵਿੱਚ ਸੁੱਟਣ ਤੋਂ ਗੁਰੇਜ਼ ਨਹੀਂ ਕੀਤਾ, ਜਿੱਥੇ ਪਤਿਤਪੁਣੇ ਅਤੇ ਨਸ਼ਿਆਂ ਦੀ ਲਹਿਰ ਜ਼ੋਰ ਫੜਦੀ ਜਾ ਰਹੀ ਹੈ, ਗਰੀਬ ਸਿੱਖਾਂ ਦੇ ਧਰਮ ਪਰਿਵਰਤਨ ਨੂੰ ਰੋਕਣ ਲਈ ਸੰਸਥਾਵਾਂ ਵੱਲੋਂ ਕੋਈ ਰੂਪ ਰੇਖਾ ਨਹੀਂ ਉਲੀਕੀ ਜਾ ਰਹੀ ਉੱਥੇ ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਅਤੇ ਸਰਕਾਰ ਦੇ ਝੂਠਾਂ ਦਾ ਪਰਦਾ ਫਾਸ਼ ਕਰਨ। ਉਨ੍ਹਾਂ ਕਿਹਾ ਕਿ ਇਹ ਕਿੰਨੇ ਦੁੱਖ ਦੀ ਗੱਲ ਹੈ ਕਿ ਕੱਲ੍ਹ ਜਦੋਂ ਅੰਮ੍ਰਿਤਪਾਲ ਸਿੰਘ ਦੇ ਪਿਤਾ ਅਤੇ ਚਾਚਾ ਮੁਲਾਕਾਤ ਕਰਨ ਲਈ ਜੇਲ੍ਹ ਵਿੱਚ ਪਹੁੰਚੇ ਤਾਂ ਉਹ ਏਜੰਸੀਆਂ ਦੀ ਮੌਜੂਦਗੀ ਵਿੱਚ ਭਾਈ ਸਾਹਿਬ ਨਾਲ ਕੋਈ ਗੱਲ ਨਾ ਕਰ ਸਕੇ, ਕਿਉਂਕਿ ਏਜੰਸੀਆਂ ਨਹੀਂ ਚਾਹੁੰਦੀਆਂ ਕਿ ਭਾਈ ਅੰਮ੍ਰਿਤਪਾਲ ਸਿੰਘ ਚੋਣ ਲੜਨ। ਬਿਆਨ ਵਿਚ ਹੋਰ ਕਿਹਾ ਗਿਆ ਹੈ ਕਿ ਹਾਲਾਤ ਇਹ ਮੰਗ ਕਰ ਰਹੇ ਹਨ ਕਿ ਫਿਲਹਾਲ ਸਾਨੂੰ ਆਪਣੀ ਰਣਨੀਤੀ ਵਿੱਚ ਤਬਦੀਲੀ ਕਰਨ ਦੀ ਲੋੜ ਹੈ ਅਤੇ ਇਸ ਰਸਤੇ ਨੂੰ ਹਾਲ ਦੀ ਘੜੀ ਜ਼ਰੂਰ ਅਪਨਾ ਲਿਆ ਜਾਵੇ। ਇਸ ਉਦੇਸ਼ ਭਾਈ ਸਾਬ ਦੀ ਇਲੈਕਸ਼ਨ ਕੰਪੇਨ ਦਾ ਅਗਾਜ਼ ਕਲਗੀਧਰ ਪਾਤਸ਼ਾਹ ਦੇ ਅਸ਼ੀਰਵਾਦ ਤੇ ਸੰਗਤਾਂ ਦੇ ਸਹਿਯੋਗ ਨਾਲ ਕਰਨ ਲਈ ਸੰਗਤਾਂ ਦਾ ਇਕਠ ਸੱਦ ਕੇ ਕੀਤਾ ਜਾਵੇਗਾ।

## ਐਰੀਜ਼ੋਨਾ ਸੜਕ ਹਾਦਸੇ 'ਚ ਦੋ ਭਾਰਤੀ ਵਿਦਿਆਰਥੀ ਹਲਾਕ

ਵਾਸ਼ਿੰਗਟਨ-ਐਰੀਜ਼ੋਨਾ ਵਿਚ ਲੇਕ ਪਲੈਸੈਂਟ ਨੇੜੇ ਦੋ ਵਾਹਨਾਂ (ਕਾਰਾਂ) ਦੀ ਆਹਮੋ-ਸਾਹਮਣੀ ਟੱਕਰ ਵਿਚ ਦੋ ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਗਈ। ਪੀੜਤਾਂ ਦੀ ਪਛਾਣ ਨਿਵੇਸ਼ ਮੁੱਕਾ (19) ਤੇ ਗੌਤਮ ਪਾਰਸੀ (19) ਵਜੋਂ ਹੋਈ ਹੈ। ਦੋਵੇਂ ਪਿੱਛੋਂ ਤਿਲੰਗਾਨਾ ਨਾਲ ਸਬੰਧਤ ਸਨ ਤੇ ਐਰੀਜ਼ੋਨਾ ਸਟੇਟ ਯੂਨੀਵਰਸਿਟੀ ਵਿਚ ਪੜ੍ਹਦੇ ਸਨ। ਪਿਓਰੀਆ ਪੁਲੀਸ ਮੁਤਾਬਕ ਉਨ੍ਹਾਂ ਨੂੰ 20 ਅਪਰੈਲ ਨੂੰ ਸ਼ਾਮੀਂ 6:18 ਵਜੇ ਦੇ ਕਰੀਬ ਕੈਸਲ ਹੌਟ ਸਪਰਿੰਗਜ਼ ਰੋਡ 'ਤੇ ਹਾਦਸਾ ਹੋਣ ਬਾਰੇ ਜਾਣਕਾਰੀ ਮਿਲੀ ਸੀ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁੱਕਾ ਤੇ ਪਾਰਸੀ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਮੌਕੇ ਉੱਤੇ ਹੀ ਦਮ ਤੋੜ ਗਏ ਸਨ ਜਦੋਂਕਿ ਜਿਸ ਕਾਰ ਵਿਚ ਉਹ ਸਵਾਰ ਸਨ, ਦੇ ਡਰਾਈਵਰ ਨੂੰ ਗੰਭੀਰ ਸੱਟਾਂ ਨਾਲ ਸਥਾਨਕ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ। ਉਧਰ ਦੂਜੀ ਕਾਰ, ਜਿਸ 'ਚ ਇਕੱਲਾ ਡਰਾਈਵਰ ਹੀ ਮੌਜੂਦ ਸੀ, ਨੂੰ ਵੀ ਗੰਭੀਰ ਸੱਟਾਂ ਲੱਗੀਆਂ ਸਨ। ਹਾਦਸੇ ਦੀ ਜਾਂਚ ਦੌਰਾਨ ਇਲਾਕੇ 'ਚ ਕੁਝ ਘੰਟਿਆਂ ਲਈ ਆਵਾਜਾਈ ਬੰਦ ਰਹੀ, ਜਿਸ ਨੂੰ ਐਤਵਾਰ ਸਵੇਰੇ ਖੋਲ੍ਹ ਦਿੱਤਾ ਗਿਆ।

## 'ਆਪ' 'ਅਪਰਾਧ ਦੀ ਕਮਾਈ' ਦੀ ਮੁੱਖ ਲਾਭਪਾਤਰੀ-ਈ.ਡੀ. ਦਾ ਦੋਸ਼



ਨਵੀਂ ਦਿੱਲੀ (ਦਿਓਲ)-ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਸੁਪਰੀਮ ਕੋਰਟ ਵਿਚ ਦਾਅਵਾ ਕੀਤਾ ਹੈ ਕਿ ਆਮ ਆਦਮੀ ਪਾਰਟੀ ਕਥਿਤ ਦਿੱਲੀ ਆਬਕਾਰੀ ਨੀਤੀ ਘੁਟਾਲੇ ਨਾਲ ਸਬੰਧਤ 'ਅਪਰਾਧ ਦੀ ਕਮਾਈ' ਦੀ 'ਪ੍ਰਮੁੱਖ ਲਾਭਪਾਤਰੀ' ਹੈ ਤੇ ਪਾਰਟੀ ਨੇ ਆਪਣੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਜ਼ਰੀਏ ਮਨੀ ਲਾਂਡਰਿੰਗ (ਕਾਲੇ ਧਨ ਨੂੰ ਸਫੇਦ ਬਣਾਉਣ) ਦਾ ਅਪਰਾਧ ਕੀਤਾ ਹੈ। ਈਡੀ ਨੇ ਸਰਬਉੱਚ ਅਦਾਲਤ ਵਿਚ ਦਾਇਰ ਹਲਫ਼ਨਾਮੇ ਵਿਚ ਇਹ ਦਾਅਵਾ ਵੀ ਕੀਤਾ ਕਿ ਹੁਣ ਤੱਕ ਦੀ ਜਾਂਚ ਤੋਂ ਸਾਹਮਣੇ ਆਇਆ ਹੈ ਕਿ 'ਆਪ' ਨੇ 2022 ਗੋਆ ਅਸੈਂਬਲੀ ਦੇ ਚੋਣ ਪ੍ਰਚਾਰ 'ਤੇ 45 ਕਰੋੜ ਰੁਪਏ ਵਰਤੇ ਸਨ। ਉਧਰ 'ਆਪ' ਨੇ ਈਡੀ ਵੱਲੋਂ ਦਾਇਰ ਹਲਫ਼ਨਾਮੇ 'ਤੇ ਆਪਣੀ ਪ੍ਰਤੀਕਿਰਿਆ ਵਿਚ ਕਿਹਾ ਕਿ ਜਾਂਚ ਏਜੰਸੀ ਕਥਿਤ 'ਝੂਠ ਬੋਲਣ ਵਾਲੀ ਮਸ਼ੀਨ' ਬਣ ਗਈ ਹੈ। ਮਨੀ ਲਾਂਡਰਿੰਗ ਕੇਸ ਵਿਚ ਕੇਜਰੀਵਾਲ ਵੱਲੋਂ ਆਪਣੀ ਗ੍ਰਿਫ਼ਤਾਰੀ ਨੂੰ ਚੁਣੌਤੀ ਦਿੰਦੀ ਪਟੀਸ਼ਨ ਨੂੰ ਲੈ ਕੇ ਦਾਇਰ ਜਵਾਬ ਦਾਅਵੇ ਵਿਚ ਈਡੀ ਨੇ ਕਿਹਾ ਕਿ ਗੋਆ ਵਿਚ 'ਆਪ' ਦੇ ਚੋਣ ਪ੍ਰਚਾਰ ਵਿਚ ਸ਼ਾਮਲ ਵਿਅਕਤੀਆਂ ਦੇ ਬਿਆਨਾਂ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਨੂੰ ਸਰਵੇ ਵਰਕਰਾਂ, ਏਰੀਆ ਮੈਨੇਜਰਾਂ, ਅਸੈਂਬਲੀ ਮੈਨੇਜਰਾਂ ਆਦਿ ਕੰਮਾਂ ਲਈ ਨਗਦ ਅਦਾਇਗੀ ਕੀਤੀ ਗਈ ਸੀ।

## ਬਲਵੰਤ ਸਿੰਘ ਰਾਮੂਵਾਲੀਆ ਦੇ ਜਵਾਈ ਦਾ ਦੇਹਾਂਤ



ਮੁਹਾਲੀ-ਭਾਜਪਾ ਦੀ ਕੇਂਦਰੀ ਕਮੇਟੀ ਦੀ ਮੈਂਬਰ ਅਤੇ ਸੀਨੀਅਰ ਆਗੂ ਬੀਬੀ ਅਮਨਜੋਤ ਕੌਰ ਰਾਮੂਵਾਲੀਆ ਦੇ ਪਤੀ ਅਤੇ ਉੱਘੇ ਕਾਰੋਬਾਰੀ ਅਰਵਿੰਦਰ ਸਿੰਘ ਭੁੱਲਰ (58) ਦਾ ਦੇਹਾਂਤ ਹੋ ਗਿਆ। ਉਹ ਕੈਂਸਰ ਤੋਂ ਪੀੜਤ ਸਨ ਅਤੇ ਗੰਗਾਨਗਰ ਦੇ ਹਸਪਤਾਲ ਵਿੱਚ ਜੇਰੇ ਇਲਾਜ ਸਨ, ਜਿੱਥੇ ਉਨ੍ਹਾਂ ਨੇ ਆਖ਼ਰੀ ਸਾਹ ਲਏ। ਉਹ ਸਾਬਕਾ ਕੇਂਦਰੀ ਮੰਤਰੀ ਅਤੇ ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਦੇ ਜਵਾਈ ਸਨ। ਪਰਿਵਾਰ ਵਿੱਚ ਉਨ੍ਹਾਂ ਦੀ ਪਤਨੀ ਬੀਬੀ ਰਾਮੂਵਾਲੀਆ, ਧੀ ਡਾ. ਸਮੀਰ ਕੌਰ, ਜਵਾਈ ਡਾ. ਹਮਜੋਲ ਸਿੰਘ ਚੱਕਲ, ਦੋ ਦੋਹਤੀਆਂ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ 27 ਅਪਰੈਲ ਨੂੰ ਚੰਡੀਗੜ੍ਹ ਦੇ ਸੈਕਟਰ-25 ਸਥਿਤ ਸ਼ਮਸ਼ਾਨਘਾਟ ਵਿੱਚ ਸਵੇਰੇ 10.30 ਹੋਵੇਗਾ। ਸ੍ਰੀ ਆਨੰਦਪੁਰ ਸਾਹਿਬ ਤੋਂ ਅਕਾਲੀ ਦਲ ਦੇ ਉਮੀਦਵਾਰ ਪ੍ਰੇਮ ਸਿੰਘ ਚੰਦੂਮਾਜਰਾ, ਮੁਹਾਲੀ ਦੇ ਹਲਕਾ ਇੰਚਾਰਜ ਪਰਵਿੰਦਰ ਸਿੰਘ ਬੈਦਵਾਨ, ਮੀਤ ਪ੍ਰਧਾਨ ਪਰਦੀਪ ਸਿੰਘ ਭਾਰਜ, ਕਮਲਜੀਤ ਸਿੰਘ ਰੂਬੀ, ਇਸ਼ਪ੍ਰੀਤ ਸਿੰਘ ਵਿੱਕੀ, ਨੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ।





- Criminal Law
- Divorce Cases
- Immigration Law
- Notary Services
- Business Law
- Contract Disputes
- Property Litigation
- Property Liens

*Your Lawyers, Because We Care*

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.STLAWBC.CA

# ਗ਼ਜ਼ਲ ਮੰਚ ਸਰੀ ਦੀ ਵਿਸ਼ੇਸ਼ ਮੀਟਿੰਗ ਵਿਚ ਚਾਰ ਸ਼ਾਇਰਾਂ ਦੀਆਂ ਕਿਤਾਬਾਂ ਰਿਲੀਜ਼

ਸਰੀ (ਹਰਦਮ ਮਾਨ)- ਗ਼ਜ਼ਲ ਮੰਚ ਸਰੀ ਦੀ ਵਿਸ਼ੇਸ਼ ਮੀਟਿੰਗ ਬੀਤੇ ਦਿਨ ਮੰਚ ਦੇ ਪ੍ਰਧਾਨ ਜਸਵਿੰਦਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੰਚ ਵੱਲੋਂ 19 ਮਈ ਨੂੰ ਕਰਵਾਈ ਜਾ ਰਹੀ ਸੰਗੀਤਕ ਸ਼ਾਮ ਦੇ ਪ੍ਰੋਗਰਾਮ ਨੂੰ ਅੰਤਿਮ ਛੋਹਾਂ ਦਿੱਤੀਆਂ ਗਈਆਂ। ਮੀਟਿੰਗ ਵਿਚ ਪੰਜਾਬੀ ਸ਼ਾਇਰੀ ਦੀਆਂ ਚਾਰ ਨਵ-ਪਕਾਸ਼ਿਤ ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ। ਗ਼ਜ਼ਲ ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਮੰਚ ਵੱਲੋਂ 19 ਮਈ 2024 ਨੂੰ ਰਿਫਲੈਕਸ਼ਨ ਬੈਂਕੁਇਟ ਹਾਲ ਸਰੀ ਵਿਖੇ ਗ਼ਜ਼ਲ ਗਾਇਕੀ ਦਾ ਸੰਗੀਤਕ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਅਮਰੀਕਾ ਤੋਂ ਨਾਮਵਰ ਗ਼ਜ਼ਲ ਗਾਇਕ ਸੁਖਦੇਵ ਸਾਹਿਲ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਉਨ੍ਹਾਂ ਤੋਂ ਇਲਾਵਾ ਅਮਰੀਕਾ ਦੇ ਹੀ ਗ਼ਜ਼ਲ ਗਾਇਕ ਮੋਸ਼ੀ ਬੰਗੜ, ਸਰੀ ਦੇ ਨੌਜਵਾਨ ਗਾਇਕ ਪਰਖਜੀਤ ਅਤੇ ਡਾ. ਰਣਦੀਪ ਮਲਹੋਤਰਾ ਆਪਣੇ ਸੁਰੀਲੇ ਸੁਰਾਂ ਨਾਲ ਸਰੋਤਿਆਂ ਨੂੰ ਸਰਸ਼ਾਰ ਕਰਨਗੇ। ਇਹ ਪ੍ਰੋਗਰਾਮ ਸੰਗੀਤ ਪ੍ਰੇਮੀਆਂ



ਲਈ ਬਿਲਕੁਲ ਫਰੀ ਹੋਵੇਗਾ। ਉਨ੍ਹਾਂ ਦੱਸਿਆ ਕਿ ਮੰਚ ਦੇ ਮੈਂਬਰ ਪ੍ਰੀਤ ਮਨਪ੍ਰੀਤ ਰਾਹੀਂ ਚਾਰ ਸ਼ਾਇਰਾਂ ਦੀਆਂ ਨਵੀਆਂ ਪ੍ਰਕਾਸ਼ਿਤ ਹੋਈਆਂ ਪੁਸਤਕਾਂ ਗ਼ਜ਼ਲ ਮੰਚ ਨੂੰ ਮਿਲੀਆਂ ਹਨ ਅਤੇ ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਦਸਮੇਸ਼ ਗਿੱਲ ਫਿਰੋਜ਼, ਦਵਿੰਦਰ ਗੌਤਮ, ਕ੍ਰਿਸ਼ਨ ਭਨੋਟ ਅਤੇ ਜਸਵਿੰਦਰ ਨੇ ਇਨ੍ਹਾਂ ਪੁਸਤਕਾਂ ਨੂੰ ਰਿਲੀਜ਼ ਕਰਨ ਦੀ ਰਸਮ ਅਦਾ ਕੀਤੀ। ਰਿਲੀਜ਼ ਕੀਤੀਆਂ ਗਈਆਂ ਇਨ੍ਹਾਂ ਪੁਸਤਕਾਂ ਵਿਚ ਰਾਜਿੰਦਰਜੀਤ ਦਾ ਗ਼ਜ਼ਲ ਸੰਗ੍ਰਹਿ 'ਸੂਲਾਂ ਸੇਤੀ ਰਾਤਿ', ਸੁਖਦੀਪ ਔਜਲਾ ਦਾ ਗ਼ਜ਼ਲ ਸੰਗ੍ਰਹਿ 'ਇਕ ਕਮਰੇ ਦਾ ਸ਼ਾਇਰ', ਗੁਰਜੰਟ ਰਾਜੇਆਣਾ ਦੀ ਕਾਵਿ-ਪੁਸਤਕ "ਸੁਲਗਦੇ ਸਫ਼ਰ 'ਤੇ' ਅਤੇ ਕੇਸਰ ਕਰਮਜੀਤ ਦਾ ਗ਼ਜ਼ਲ ਸੰਗ੍ਰਹਿ 'ਦਿਨ ਢਲੇ' ਸ਼ਾਮਲ ਹਨ। ਮੰਚ ਦੇ ਮੈਂਬਰਾਂ ਨੇ ਇਨ੍ਹਾਂ ਪੁਸਤਕਾਂ ਦੇ ਸ਼ਾਇਰਾਂ ਨੂੰ ਮੁਬਾਰਕਬਾਦ ਦਿੱਤੀ। ਨੌਜਵਾਨ ਸ਼ਾਇਰ ਸੁਖਦੀਪ ਔਜਲਾ ਨੂੰ ਮਰਹੂਮ ਮਹਿੰਦਰ ਸਾਥੀ ਐਵਾਰਡ ਲਈ ਚੁਣੇ ਜਾਣ 'ਤੇ ਮੰਚ ਦੇ ਮੈਂਬਰਾਂ ਨੇ ਖ਼ੁਸ਼ੀ ਪ੍ਰਗਟ ਕੀਤੀ ਅਤੇ ਸੁਖਦੀਪ ਔਜਲਾ ਨੂੰ ਵਧਾਈ ਦਿੱਤੀ।

## ਡਾਕਟਰਾਂ ਨੇ ਟੈਕਸ ਤਬਦੀਲੀਆਂ 'ਤੇ ਮੁੜ ਵਿਚਾਰ ਕਰਨ ਦੀ ਸਰਕਾਰ ਤੋਂ ਕੀਤੀ ਅਪੀਲ

ਓਟਵਾ-ਕੈਨੇਡੀਅਨ ਮੈਡੀਕਲ ਐਸੋਸਿਏਸ਼ਨ ਵੱਲੋਂ ਫੈਡਰਲ ਸਰਕਾਰ ਨੂੰ ਆਪਣੇ ਉਸ ਪ੍ਰਸਤਾਵ ਉੱਤੇ ਮੁੜ ਵਿਚਾਰ ਕਰਨ ਲਈ ਆਖਿਆ ਜਾ ਰਿਹਾ ਹੈ ਜਿਸ ਵਿੱਚ ਮੁਨਾਫੇ ਉੱਤੇ ਟੈਕਸ ਲਾਉਣ ਦੀ ਤਜਵੀਜ਼ ਰੱਖੀ ਗਈ ਹੈ। ਡਾਕਟਰਾਂ ਦਾ ਤਰਕ ਹੈ ਕਿ ਇਸ ਨਾਲ ਉਨ੍ਹਾਂ ਦੀ ਰਿਟਾਇਰਮੈਂਟ ਦੀ ਸੇਵਿੰਗਜ਼ ਉੱਤੇ ਬਹੁਤ ਅਸਰ ਪਵੇਗਾ। ਐਸੋਸਿਏਸ਼ਨ ਦੀ ਪ੍ਰੈਜ਼ੀਡੈਂਟ ਕੈਥਲੀਨ ਰੌਸ ਨੇ ਆਖਿਆ ਕਿ ਕਈ ਡਾਕਟਰ ਆਪਣੀ ਮੈਡੀਕਲ ਪ੍ਰੈਕਟਿਸ ਤੋਂ ਹੋਣ ਵਾਲੀ ਕਮਾਈ



ਨੂੰ ਆਪਣੀ ਰਿਟਾਇਰਮੈਂਟ ਲਈ ਆਪਣੀ ਕਾਰਪੋਰੇਸ਼ਨ ਵਿੱਚ ਨਿਵੇਸ਼ ਕਰਦੇ ਹਨ।ਪ੍ਰਸਤਾਵਿਤ ਤਬਦੀਲੀਆਂ ਨਾਲ ਇਸ ਤਰ੍ਹਾਂ ਦੇ ਨਿਵੇਸ਼ ਉੱਤੇ ਵੀ ਟੈਕਸ ਵਧੇਗਾ ਤੇ ਡਾਕਟਰਾਂ ਉੱਤੇ ਇਸ ਨਾਲ ਵਿੱਤੀ ਬੋਝ ਵਧੇਗਾ।ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਡਾਕਟਰਾਂ ਕੋਲ ਕੰਮ ਤੋਂ ਬਾਅਦ ਪੈਨਸ਼ਨ ਦਾ ਸਹਾਰਾ ਵੀ ਨਹੀਂ ਹੋਵੇਗਾ। ਰੌਸ ਨੇ ਆਖਿਆ ਕਿ ਇਸ ਤਰ੍ਹਾਂ ਦੀ ਤਬਦੀਲੀ ਨਾਲ ਕੈਨੇਡਾ ਵਿੱਚ ਡਾਕਟਰਾਂ ਦੀ ਰਕਰੂਟਮੈਂਟ ਤੇ ਉਨ੍ਹਾਂ ਨੂੰ ਬਣਾਈ ਰੱਖਣ ਉੱਤੇ ਵੀ ਅਸਰ ਪਵੇਗਾ।

## ਤੀਜੀ ਪੁਲਾੜ ਯਾਤਰਾ ਲਈ ਸੁਨੀਤਾ ਵਿਲੀਅਮਜ਼ ਤਿਆਰ




ਨਿਊਯਾਰਕ-ਭਾਰਤੀ ਮੂਲ ਦੀ ਅਮਰੀਕੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ 6 ਮਈ ਨੂੰ ਆਪਣੀ ਤੀਜੀ ਪੁਲਾੜ ਯਾਤਰਾ 'ਤੇ ਜਾਵੇਗੀ। ਉਹ ਬੋਇੰਗ ਦੇ ਸਟਾਰਲਾਈਨਰ ਕੈਲਿਪਸੋ ਮਿਸ਼ਨ ਦਾ ਹਿੱਸਾ ਹੋਣਗੇ। ਅਮਰੀਕੀ ਪੁਲਾੜ ਏਜੰਸੀ ਨਾਸਾ ਮੁਤਾਬਕ ਮਿਸ਼ਨ ਲਈ 2 ਸੀਨੀਅਰ ਵਿਗਿਆਨੀ ਬੁਚ ਵਿਲਮੋਰ ਅਤੇ ਸੁਨੀਤਾ ਵਿਲੀਅਮਜ਼ ਨੂੰ ਚੁਣਿਆ ਗਿਆ ਹੈ। ਵਰਤਮਾਨ ਵਿੱਚ, ਸੁਨੀਤਾ ਬੋਇੰਗ ਦੇ ਸਟਾਰਲਾਈਨਰ ਪੁਲਾੜ ਯਾਨ ਵਿੱਚ ਚਾਲਕ ਦਲ ਦੀ ਉਡਾਣ ਟੈਸਟ ਮਿਸ਼ਨ ਪਾਇਲਟ ਵਜੋਂ ਸਿਖਲਾਈ ਲੈ ਰਹੇ ਹਨ। ਬੋਇੰਗ ਦੇ ਸਟਾਰਲਾਈਨਰ ਪੁਲਾੜ ਯਾਨ ਨੂੰ 6 ਮਈ ਨੂੰ ਰਾਤ 10:34 ਵਜੇ ਅਲਾਇੰਸ ਐਟਲਸ ਵੀ ਰਾਕੇਟ 'ਤੇ ਲਾਂਚ ਕੀਤਾ ਜਾਵੇਗਾ। ਇਸ ਮਿਸ਼ਨ ਲਈ ਨਾਸਾ ਦੀ ਮਦਦ ਲਈ ਗਈ ਹੈ। ਅਮਰੀਕਾ ਦੀ ਪੁਲਾੜ ਏਜੰਸੀ 25 ਅਪ੍ਰੈਲ ਨੂੰ ਪੁਲਾੜ ਯਾਨ ਬਾਰੇ ਪੂਰੀ ਜਾਣਕਾਰੀ ਸਾਂਝੀ ਕਰੇਗੀ। ਪੁਲਾੜ ਏਜੰਸੀ ਮੁਤਾਬਕ ਪੁਲਾੜ ਯਾਨ ਨੂੰ ਫਲੋਰੀਡਾ ਦੇ ਕੇਪ ਕੈਨਾਵੇਰਲ ਸਪੇਸ ਫੋਰਸ ਸਟੇਸ਼ਨ ਦੇ ਸਪੇਸ ਲਾਂਚ ਕੰਪਲੈਕਸ-41 ਤੋਂ ਲਾਂਚ ਕੀਤਾ ਜਾਵੇਗਾ। ਦੋਵੇਂ ਯਾਤਰੀ ਦੋ ਹਫ਼ਤਿਆਂ ਤੱਕ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈਐੱਸਐੱਸ) ਵਿੱਚ ਰੁਕਣਗੇ। ਇਸ ਸੰਬੰਧੀ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਦਰਅਸਲ, ਇਸ ਤੋਂ ਪਹਿਲਾਂ ਇਸ ਪੁਲਾੜ ਯਾਨ ਦਾ ਜੁਲਾਈ 2022 ਵਿੱਚ ਰਵਾਨਾ ਹੋਣਾ ਸੀ, ਪਰ ਕੋਰੋਨਾ ਮਹਾਮਾਰੀ ਕਾਰਨ ਇਸ ਨੂੰ ਇੱਕ ਸਾਲ ਲਈ ਟਾਲ ਦਿੱਤਾ ਗਿਆ ਸੀ।

## ਰੂਸ ਦਾ ਉਪ ਰੱਖਿਆ ਮੰਤਰੀ ਰਿਸ਼ਵਤ ਲੈਂਦਿਆਂ ਕਾਬੂ, ਭ੍ਰਿਸ਼ਟਾਚਾਰ ਦੇ ਦੋਸ਼ ਵੀ ਲੱਗੇ

ਮਾਸਕੋ-ਰੂਸ ਦੇ ਉਪ ਰੱਖਿਆ ਮੰਤਰੀ ਤੈਮੂਰ ਇਵਾਨੋਵ ਨੂੰ ਫੈਡਰਲ ਸਿਕਿਓਰਿਟੀ ਸਰਵਿਸ ਨੇ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਨੂੰ ਮੰਗਲਵਾਰ 23 ਅਪ੍ਰੈਲ ਨੂੰ ਫੜ੍ਹਿਆ ਗਿਆ ਸੀ। ਉਨ੍ਹਾਂ ਨੂੰ ਬੁੱਧਵਾਰ 24 ਅਪ੍ਰੈਲ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਨ੍ਹਾਂ ਨੂੰ 23 ਜੂਨ ਤੱਕ ਹਿਰਾਸਤ ਵਿੱਚ ਰੱਖਣ ਦੇ ਹੁਕਮ ਦਿੱਤੇ ਹਨ। ਜਾਣਕਾਰੀ ਮੁਤਾਬਕ ਇਵਾਨੋਵ 'ਤੇ 2022 'ਚ ਰੂਸ-ਯੂਕਰੇਨ ਜੰਗ ਦੌਰਾਨ ਭ੍ਰਿਸ਼ਟਾਚਾਰ ਦੇ ਦੋਸ਼ ਵੀ ਲੱਗੇ ਹਨ। ਬੁੱਧਵਾਰ ਨੂੰ ਇਵਾਨੋਵ ਨੂੰ ਮਾਸਕੋ ਦੀ ਬਾਸਮੈਨੀ ਜ਼ਿਲ੍ਹਾ ਅਦਾਲਤ ਵਿੱਚ ਪੇਸ਼ ਕੀਤਾ ਗਿਆ। 48 ਸਾਲਾ ਇਵਾਨੋਵ 'ਤੇ ਫੈਸਲਾ ਸੁਣਾਉਂਦੇ ਹੋਏ ਅਦਾਲਤ ਨੇ ਕਿਹਾ ਕਿ ਜਾਂਚ ਏਜੰਸੀਆਂ ਦਾ ਮੰਨਣਾ ਹੈ ਕਿ ਉਨ੍ਹਾਂ ਨੇ ਸਰਕਾਰ ਖਿਲਾਫ ਕਿਸੇ ਤੀਜੀ ਧਿਰ ਨਾਲ ਮਿਲ ਕੇ ਸਾਜ਼ਿਸ਼ ਰਚੀ ਸੀ। ਜੇਕਰ ਉਹ ਹੁਣ ਦੋਸ਼ੀ ਪਾਏ ਗਏ ਤਾਂ ਉਨ੍ਹਾਂ ਨੂੰ 15 ਸਾਲ ਦੀ ਜੇਲ ਹੋਵੇਗੀ। ਹਾਲਾਂਕਿ, ਇਵਾਨੋਵ ਦਾ ਕਹਿਣਾ ਹੈ ਕਿ ਉਹ ਬੇਕਸੂਰ ਹੈ।





# ਵਿਸਾਖੀ ਨਗਰ ਕੀਰਤਨ 'ਤੇ ਲਾਈ ਪੁਸਤਕ ਪ੍ਰਦਰਸ਼ਨੀ ਨੂੰ ਨੌਜਵਾਨ ਪਾਠਕਾਂ ਵੱਲੋਂ ਭਰਵਾਂ ਹੁੰਗਾਰਾ

ਸਰੀ (ਹਰਦਮ ਮਾਨ)-ਸਰੀ ਵਿਖੇ ਸਜਾਏ ਗਏ ਵਿਸਾਖੀ ਨਗਰ ਕੀਰਤਨ ਮੌਕੇ ਜਿੱਥੇ ਸ਼ਰਧਾਲੂਆਂ ਨੇ ਆਪਣੀ ਧਾਰਮਿਕ ਅਤੇ ਸੱਭਿਆਚਾਰਕ ਜਗਿਆਸਾ ਦੀ ਪੂਰਤੀ ਕੀਤੀ, ਵੱਖ ਵੱਖ ਪਕਵਾਨਾਂ ਦਾ ਆਨੰਦ ਮਾਣਿਆ ਉੱਥੇ ਹੀ ਪੁਸਤਕਾਂ ਪੜ੍ਹਨ ਦੇ ਸ਼ੌਕੀਨਾਂ ਨੇ ਗੁਲਾਟੀ ਪਬਲਿਸ਼ਰਜ਼ ਸਰੀ ਵੱਲੋਂ ਲਾਏ ਬੁੱਕ ਸਟਾਲ ਉੱਪਰ ਵੀ ਵਿਸ਼ੇਸ਼ ਦਿਲਚਸਪੀ ਦਿਖਾਈ ਅਤੇ ਕਿਤਾਬਾਂ ਨੂੰ ਆਪਣਾ ਸਾਥੀ ਬਣਾਇਆ। ਇਸ ਪੁਸਤਕ ਪ੍ਰਦਰਸ਼ਨੀ 'ਤੇ ਪਹੁੰਚ ਕੇ ਪੰਜਾਬੀ ਦੇ ਵਿਦਵਾਨ ਡਾ. ਸਾਧੂ ਸਿੰਘ, ਡਾ. ਸੁਖਪ੍ਰੇਮ ਸਿੰਘ, ਨਾਵਲਕਾਰ ਜਰਨੈਲ ਸਿੰਘ ਸੇਖਾ, ਜਰਨੈਲ ਸਿੰਘ ਚਿੱਤਰਕਾਰ, ਸ਼ਾਇਰ ਮੋਹਨ ਗਿੱਲ, ਪੱਤਰਕਾਰ ਸੁਰਿੰਦਰ ਚਾਹਲ, ਕੁਲਵਿੰਦਰ ਕੁਲਾਰ, ਬਲਵਿੰਦਰ ਸਿੰਘ ਧਾਲੀਵਾਲ (ਫਿਨਲੈਂਡ), ਰਣਧੀਰ ਢਿੱਲੋਂ, ਚਮਕੌਰ ਢਿੱਲੋਂ, ਡਾ. ਸੁਖਵਿੰਦਰ ਵਿਰਕ, ਮਿਸਜ਼ ਦਰਸ਼ਨ ਗਿੱਲ, ਮਿਸਜ਼ ਹਰਦਿਆਲ ਸਿੰਘ ਚੀਮਾ (ਸਿਆਟਲ), ਜਸਵੀਰ ਭਲੂਰੀਆ ਅਤੇ ਹੋਰ ਕਈ ਲੇਖਕਾਂ, ਪਾਠਕਾਂ ਨੇ ਗੁਲਾਟੀ ਪਬਲਿਸ਼ਰਜ਼ ਸਰੀ ਦੇ ਸੰਚਾਲਕ ਸਤੀਸ਼ ਗੁਲਾਟੀ ਵੱਲੋਂ ਕੈਨੇਡਾ, ਅਮਰੀਕਾ ਵਿਚ ਪੁਸਤਕਾਂ ਰਾਹੀਂ ਪੰਜਾਬੀ ਭਾਸ਼ਾ, ਸਭਿਆਚਾਰ, ਸਾਹਿਤ ਅਤੇ ਵਿਰਸੇ ਦੇ ਪ੍ਰਚਾਰ ਪਾਸਾਰ ਲਈ ਕੀਤੇ ਜਾ ਰਹੇ ਯਤਨਾਂ ਅਤੇ ਸਖਤ ਘਾਲਣਾ ਦੀ ਪ੍ਰਸੰਸਾ ਕੀਤੀ। ਸਤੀਸ਼ ਗੁਲਾਟੀ ਨੇ ਦੱਸਿਆ ਕਿ ਪੁਸਤਕ ਪ੍ਰੇਮੀਆਂ ਵੱਲੋਂ ਇਸ ਵਾਰ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਵਿਸ਼ੇਸ਼ ਕਰਕੇ ਨੌਜਵਾਨਾਂ ਨੇ ਕਿਤਾਬਾਂ ਖਰੀਦਣ ਵਿਚ ਵਧੇਰੇ ਦਿਲਚਸਪੀ ਦਿਖਾਈ ਹੈ। ਨੌਜਵਾਨਾਂ ਨੇ ਵਿਸ਼ੇਸ਼ ਤੌਰ 'ਤੇ ਸਿੱਖ ਇਤਿਹਾਸ, ਪੰਜਾਬ ਅਤੇ ਉਸਾਰੂ ਸੋਚ ਨਾਲ ਸੰਬੰਧਤ ਪੁਸਤਕਾਂ ਖਰੀਦੀਆਂ। ਉਨ੍ਹਾਂ ਕਿਹਾ ਕਿ ਇਹ ਇਕ ਚੰਗਾ ਸੁਨੇਹਾ ਕਿ ਅੱਜ ਦੇ ਡਿਜ਼ੀਟਲ ਯੁਗ ਵਿਚ ਵੀ ਨੌਜਵਾਨ ਪੀੜ੍ਹੀ ਪੁਸਤਕਾਂ ਨਾਲ ਜੁੜ ਰਹੀ ਹੈ। ਇੱਥੇ ਜ਼ਿਕਰਯੋਗ ਹੈ ਕਿ ਨਗਰ ਕੀਰਤਨ ਦੌਰਾਨ ਤਰਕਸ਼ੀਲ ਸੋਸਾਇਟੀ ਆਫ ਕੈਨੇਡਾ ਅਤੇ ਕੈਨੇਡੀਅਨ ਸਿੱਖ ਸਟੱਡੀ ਐਂਡ ਟੀਚਿੰਗ ਸੋਸਾਇਟੀ ਵੱਲੋਂ ਵੀ ਪੁਸਤਕ ਪ੍ਰਦਰਸ਼ਨੀਆਂ ਲਾਈਆਂ ਗਈਆਂ ਸਨ।





LOOKING TO BUY OR SELL?



eXp REALTY

ਕਿਸੇ ਵੀ ਤਰ੍ਹਾਂ ਦੀ ਰੈਜ਼ੀਡੈਂਟ,
ਕਮਰਸ਼ਿਅਲ ਪ੍ਰਾਪਰਟੀ ਅਤੇ ਲੈਂਡ
ਲੈਣ ਲਈ ਸੰਪਰਕ ਕਰੋ

ਤੁਹਾਡਾ ਆਪਣਾ ਰਿਐਲਟਰ
HARRY
KHOSA

PERSONAL REAL ESTATE CORPORATION

778.558.9745

@BROKERHARRYKHOSA

THANK YOU FOR MAKING US

2022

Outstanding Achievement

National TOP 20%

PRIVATE MORTGAGES

No Worries... We Can Help!

Easily available Private Mortgage could be just what you need.

★ Up to $5 million available

★ $10,000 to $1 million in just 24 Hours



★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers

invis
Canada's Mortgage Experts™
MORTGAGE INTELLIGENCE®

Call today to get started

SANJEEV KATYAL

604.767.5194

info@katyalmortgage.ca

WWW.KATYALMORTGAGE.CA


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# FOR RENT




***Office/Warehouse Corner Unit***
*around 500-2900 Square feet available now for Rent on a busy road. Building includes office rooms, three washrooms and a kitchen.*



**Unit 101, 13463, 78 Avenue, Surrey, Opposite ICBC Motor Vehicle office**















**For more information and inquiries call:**

**604-767-5194**





# ਵੈਨਕੂਵਰ ਵਿਚਾਰ ਮੰਚ ਵੱਲੋਂ ਸੁੱਚਾ ਸਿੰਘ ਕਲੇਰ ਨਾਲ ਵਿਸ਼ੇਸ਼ ਮਿਲਣੀ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨੀਂ ਕਾਲਮ ਨਵੀਸ ਅਤੇ ਸਾਹਿਤਕਾਰ ਸੁੱਚਾ ਸਿੰਘ ਕਲੇਰ ਨਾਲ ਵਿਸ਼ੇਸ਼ ਮਿਲਣੀ ਕੀਤੀ ਗਈ। ਇਸ ਮਿਲਣੀ ਤਹਿਤ ਸੁੱਚਾ ਸਿੰਘ ਕਲੇਰ ਦੇ ਜੀਵਨ, ਕਨੇਡਾ ਵਿੱਚ ਸੈਟਲ ਹੋਣ, ਵੈਨਕੂਵਰ ਵਿੱਚ ਪੰਜਾਬੀ ਮਾਰਕੀਟ ਸਥਾਪਿਤ ਕਰਨ ਅਤੇ ਉਹਨਾਂ ਵੱਲੋਂ ਪੰਜਾਬੀ ਭਾਸ਼ਾ, ਸੱਭਿਆਚਾਰ, ਸਾਹਿਤ ਅਤੇ ਸਮਾਜ ਲਈ ਕੀਤੇ ਕੰਮਾਂ ਸਬੰਧੀ ਵਿਸ਼ੇਸ਼ ਗੱਲਬਾਤ ਹੋਈ। ਗੱਲਬਾਤ ਦੀ ਸ਼ੁਰੂਆਤ ਕਰਦਿਆਂ ਮੋਹਨ ਗਿੱਲ ਨੇ ਸ. ਕਲੇਰ ਨਾਲ ਆਪਣੀ ਲੰਮੇਰੀ ਸਾਂਝ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਅਸਲ ਵਿੱਚ ਸੁੱਚਾ ਸਿੰਘ ਕਲੇਰ ਨੂੰ ਮਾਣ ਸਨਮਾਨ ਦੇਣ ਵਾਲਾ ਖ਼ੁਦ ਸਨਮਾਨਿਤ ਹੋ ਰਿਹਾ ਹੁੰਦਾ ਹੈ। ਸੁੱਚਾ ਸਿੰਘ ਕਲੇਰ ਬਹੁਤ ਹੀ ਨਿਮਰ, ਮਿਲਣਸਾਰ, ਮਦਦਗਾਰ ਅਤੇ ਭਾਈਚਾਰੇ ਦੀ ਅਜਿਹੀ ਸ਼ਖ਼ਸੀਅਤ ਹਨ ਜਿਹਨਾਂ ਵੱਲੋਂ ਪੰਜਾਬੀ ਭਾਈਚਾਰੇ ਲਈ ਵਿਸ਼ੇਸ਼ ਤੌਰ 'ਤੇ ਕੀਤੇ ਕਾਰਜ ਕਦੇ ਵੀ ਵਿਸਾਰੇ ਨਹੀਂ ਜਾ ਸਕਣਗੇ।

ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਸੁੱਚਾ ਸਿੰਘ ਕਲੇਰ ਵੱਲੋਂ ਪੰਜਾਬੀ ਬੋਲੀ, ਭਾਸ਼ਾ ਅਤੇ ਸਾਹਿਤ ਵਿੱਚ ਪਾਏ ਯੋਗਦਾਨ ਦੀ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਇੰਡੋ-ਕੈਨੇਡੀਅਨ ਅਖ਼ਬਾਰ ਰਾਹੀਂ ਉਨ੍ਹਾਂ ਭਾਈਚਾਰੇ ਦੇ ਮਸਲਿਆਂ, ਮੁਸ਼ਕਿਲਾਂ, ਲੋੜਾਂ-ਥੋੜਾਂ ਅਤੇ ਕੀਤੇ ਜਾਣ ਵਾਲੇ ਭਾਈਚਾਰਕ ਕਾਰਜਾਂ ਨੂੰ ਉਭਾਰ ਕੇ ਭਾਈਚਾਰੇ ਨੂੰ ਚੰਗੇਰੀ ਜ਼ਿੰਦਗੀ ਜਿਉਣ ਲਈ ਪ੍ਰੇਰਿਆ। ਅੰਗਰੇਜ਼ ਬਰਾੜ, ਸਤੀਸ਼ ਗੁਲਾਟੀ, ਅਸ਼ੋਕ ਭਾਰਗਵ, ਜਰਨੈਲ ਸਿੰਘ ਆਰਟਿਸਟ, ਹਰਦਮ ਮਾਨ, ਸੁਖਵਿੰਦਰ ਚੋਹਲਾ ਅਤੇ ਅੰਮ੍ਰਿਤ ਦੀਵਾਨਾ ਨੇ ਕਿਹਾ ਕਿ ਸੁੱਚਾ ਸਿੰਘ ਕਲੇਰ ਨੇ ਵੈਨਕੂਵਰ ਖੇਤਰ ਵਿਚ ਪੰਜਾਬੀ ਭਾਸ਼ਾ ਦੀ ਸਥਾਪਤੀ ਲਈ ਬਹੁਤ ਘਾਲਣਾ ਘਾਲੀ ਹੈ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਵਿਚ ਲੰਮਾਂ ਸਮਾਂ ਕਾਰਜ ਕਰਦਿਆਂ ਨਵੇਂ ਲੇਖਕਾਂ ਦੀ ਯੋਗ ਅਗਵਾਈ ਕੀਤੀ ਹੈ। ਸਮਾਜਿਕ ਖੇਤਰ ਵਿਚ ਉਨ੍ਹਾਂ ਦਾ ਬੇਹੱਦ ਯੋਗਦਾਨ ਹੈ। ਸੀਨੀਅਰ ਸਿਟੀਜ਼ਨ ਵਿਚ ਉਨ੍ਹਾਂ ਦਾ ਬਹੁਤ ਮਾਣ ਸਤਿਕਾਰ ਹੈ ਅਤੇ ਕਈ ਸੰਸਥਾਵਾਂ ਵੱਲੋਂ ਉਨ੍ਹਾਂ ਨੂੰ ਵਡੇਰੇ ਸਨਮਾਨਾਂ ਨਾਲ ਨਿਵਾਜਿਆ ਜਾ ਚੁੱਕਿਆ ਹੈ। ਅੰਤ ਵਿਚ ਸੁੱਚਾ ਸਿੰਘ ਕਲੇਰ ਨੇ ਵੈਨਕੂਵਰ ਵਿਚਾਰ ਮੰਚ ਦੇ ਸਾਰੇ ਮੈਂਬਰਾਂ, ਅਹੁਦੇਦਾਰਾਂ ਅਤੇ ਹਾਜ਼ਰ ਸ਼ਖ਼ਸੀਅਤਾਂ ਵੱਲੋਂ ਪ੍ਰਗਟਾਏ ਮਾਣ ਸਨਮਾਨ ਲਈ ਸਭ ਦਾ ਧੰਨਵਾਦ ਕੀਤਾ।



# ਸਤਿਕਾਰ ਕਮੇਟੀ ਕੈਨੇਡਾ ਵੱਲੋਂ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਦੇ ਹੱਕ ਵਿਚ ਮੁਜ਼ਾਹਰਾ

ਸਰੀ (ਹਰਦਮ ਮਾਨ)-ਸਤਿਕਾਰ ਕਮੇਟੀ ਕਨੇਡਾ ਵੱਲੋਂ ਬੀਤੇ ਦਿਨ ਸਰੀ ਵਿਖੇ ਬੀਅਰ ਕਰੀਕ ਪਾਰਕ ਦੇ ਨਜ਼ਦੀਕ 88 ਐਵੀਨਿਊ ਅਤੇ ਕਿੰਗ ਜਾਰਜ ਸਟਰੀਟ ਦੇ ਇੰਟਰਸੈਕਸ਼ਨ 'ਤੇ ਪੰਜਾਬ ਦੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਸੰਘਰਸ਼ ਦੀ ਹਮਾਇਤ ਕਰਦਿਆਂ ਮੁਜ਼ਾਹਰਾ ਕੀਤਾ ਅਤੇ ਭਾਰਤ ਸਰਕਾਰ ਦੀ ਨਿਖੇਧੀ ਕਰਦਿਆਂ ਕਿਸਾਨਾਂ ਦੀਆਂ ਮੰਗਾਂ ਤੁਰੰਤ ਮੰਨਣ ਦੀ ਅਪੀਲ ਕੀਤੀ। ਸਤਿਕਾਰ ਕਮੇਟੀ ਦੇ ਮੁੱਖ ਬੁਲਾਰੇ ਕੁਲਦੀਪ ਸਿੰਘ ਸੇਖੋਂ ਨੇ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਜਗਜੀਤ ਸਿੰਘ ਡੱਲੇਵਾਲ ਦੀ ਕਿਸਾਨ ਜਥੇਬੰਦੀ ਅਤੇ ਮਜ਼ਦੂਰ ਜਥੇਬੰਦੀਆਂ ਸ਼ੰਭੂ ਖਨੌਰੀ ਬਾਰਡਰ 'ਤੇ ਧਰਨੇ ਉਪਰ ਬੈਠੀਆਂ ਹੋਈਆਂ ਹਨ ਪਰ ਸਰਕਾਰ ਕਿਸਾਨਾਂ ਦੀ ਗੱਲ ਸੁਣਨ ਬਜਾਏ ਉਹਨਾਂ ਨੂੰ ਜ਼ਲੀਲ ਕਰ ਰਹੀ ਹੈ ਅਤੇ ਡਾਂਗਾਂ ਸੋਟੀਆਂ ਨਾਲ ਉਹਨਾਂ 'ਤੇ ਤਸ਼ੱਦਦ ਕਰ ਰਹੀ ਹੈ। ਉਹਨਾਂ ਪੰਜਾਬ ਸਰਕਾਰ ਵੱਲੋਂ ਵੀ ਕਿਸਾਨਾਂ ਦੀ ਬਾਂਹ ਨਾ ਫੜਨ ਦੀ ਸਖ਼ਤ ਨਿੰਦਿਆ ਕੀਤੀ। ਸ. ਸੇਖੋਂ ਨੇ ਕਿਹਾ ਕਿ ਸਤਿਕਾਰ ਕਮੇਟੀ ਕਨੇਡਾ ਅਤੇ ਬਾਹਰ ਬੈਠੇ ਪੰਜਾਬੀ ਕਿਸਾਨਾਂ, ਮਜ਼ਦੂਰਾਂ ਦੇ ਸੰਘਰਸ਼ ਦਾ ਪੂਰੀ ਤਰ੍ਹਾਂ ਸਮਰਥਨ ਕਰਦੇ ਹਨ ਅਤੇ 2020 ਵਿਚ ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਨੇ ਤਨ, ਮਨ ਅਤੇ ਧਨ ਨਾਲ ਪੰਜਾਬ ਦੇ ਕਿਸਾਨੀ ਸੰਘਰਸ਼ ਵਿਚ ਆਪਣਾ ਯੋਗਦਾਨ ਪਾਇਆ ਸੀ ਅਤੇ ਹੁਣ ਵੀ ਬਾਹਰ ਬੈਠੇ ਪੰਜਾਬੀ ਕਿਸਾਨੀ ਸੰਘਰਸ਼ ਦੇ ਨਾਲ ਖੜ੍ਹੇ ਹਨ ਅਤੇ ਉਦੋਂ ਤੱਕ ਸਾਥ ਦਿੰਦੇ ਰਹਿਣਗੇ ਜਦੋਂ ਤੱਕ ਕਿਸਾਨਾਂ ਮਜ਼ਦੂਰਾਂ ਨੂੰ ਭਾਰਤ ਸਰਕਾਰ ਵੱਲੋਂ ਇਨਸਾਫ ਨਹੀਂ ਮਿਲਦਾ।

EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515
Dr. Anjanpal Kaur Bhalla



OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty
"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com



TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship
MOVED TO NEW LOCATION
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ
ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)
Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best in our team of specialist and let help you get to where you want to go.
TEJINDER GREWAL: 604-837-3101
License No. 562







# ਜਲੰਧਰ ’ਚ ਵੀ ‘ਯੋਰ ਫਿਜ਼ੀਓ ਸੈਂਟਰ’ ਦੀ ਸ਼ਾਖਾ ਖੁੱਲ੍ਹੀ

## ਅੰਤਰਰਾਸ਼ਟਰੀ ਖਿਡਾਰੀਆਂ ਨੇ ਵਧਾਈ ਦਿੱਤੀ

ਜਲੰਧਰ-ਫਿਜ਼ੀਓਥੈਰੇਪੀ ਵਿੱਚ ਆਪਣਾ ਨਾਮ ਕਮਾਉਣ ਵਾਲੀ ਡਾ: ਸੁਮਨਦੀਪ ਕੌਰ ਨੇ ਅਰਬਨ ਅਸਟੇਟ ਵਿੱਚ ਯੂਅਰ ਫਿਜ਼ੀਓ ਨਾਮ ਦੀ ਇੱਕ ਹੋਰ ਬ੍ਰਾਂਚ ਖੋਲ੍ਹੀ ਹੈ। ਦਸ ਦੇਇਏ ਕਿ ਇਸ ਤੋਂ ਪਹਿਲਾਂ ਡਾ: ਸੁਮਨਦੀਪ ਕੌਰ ਕਪੂਰਥਲਾ ਰੋਡ ‘ਤੇ ਖਿਡਾਰੀਆਂ ਅਤੇ ਆਮ ਲੋਕਾਂ ਨੂੰ ਆਪਣੀਆਂ ਸੇਵਾਵਾਂ ਦੇ ਰਹੇ ਸਨ। ਕਪੂਰਥਲਾ ਚੌਕ ਨੇੜੇ ਸਥਿਤ ਯੋਰ ਫਿਜ਼ੀਓ ਸੈਂਟਰ ਵਿਖੇ ਦੂਰ-ਦੁਰਾਡੇ ਤੋਂ ਲੋਕ ਥੈਰੇਪੀ ਕਰਵਾਉਣ ਲਈ ਆਉਂਦੇ ਸਨ। ਲੋਕਾਂ ਦੀ ਸਹੂਲਤ ਅਤੇ ਮੰਗ ਨੂੰ ਦੇਖਦਿਆਂ ਡਾ: ਸੁਮਨਦੀਪ ਕੌਰ ਅਤੇ ਸੰਦੀਪ ਸਿੰਘ ਨੇ ਅਰਬਨ ਅਸਟੇਟ ਵਿੱਚ ਵੀ ਇੱਕ ਸ਼ਾਖਾ ਖੋਲ੍ਹਣ ਦਾ ਫੈਸਲਾ ਕੀਤਾ ਅਤੇ ਅੰਤ ਵਿੱਚ ਐਤਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਇੱਕ ਹੋਰ ਕੇਂਦਰ ਦਾ ਉਦਘਾਟਨ ਕੀਤਾ। ਇਸ ਮੌਕੇ ਸ਼ਹਿਰ ਦੀਆਂ ਨਾਮਵਰ ਸ਼ਖ਼ਸੀਅਤਾਂ ਪਹੁੰਚਿਆਂ। ਜਿਨ੍ਹਾਂ ਵਿਚ ਪੰਜਾਬ ਦੇ ਕੈਬਿਨੇਟ ਮੰਤਰੀ ਕੈਬਨਿਟ ਮੰਤਰੀ ਬਲਕਾਰ ਸਿੰਘ ਵੀ ਮੌਕੇ ‘ਤੇ ਪੁੱਜੇ। ਦੂਰਦਰਸ਼ਨ ਦੇ ਪ੍ਰਸਿੱਧ ਬੁਲਾਰੇ ਰਮਨ ਕੁਮਾਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਡਾ: ਸੁਮਨਦੀਪ ਕੌਰ ਬਹੁਤ ਹੀ ਨੇਕ ਅਤੇ ਉੱਤਮ ਥੈਰੇਪਿਸਟ ਹਨ। ਸੁਮਨਦੀਪ ਕੌਰ ਦੀਆਂ ਗੱਲਾਂ ਨਾਲ ਹੀ ਕਈ ਮਰੀਜ਼ ਠੀਕ ਹੋ ਜਾਂਦੇ ਹਨ। ਮੈਂ ਵੀ ਕਈ ਥਾਈਂ ਆਪਣੇ ਆਪ ਨੂੰ ਚੈੱਕ ਕਰਵਾਇਆ ਅਤੇ ਅੰਤ ਵਿੱਚ ਡਾ: ਸੁਮਨਦੀਪ ਕੌਰ ਬਾਰੇ ਦੱਸਿਆ ਜਦੋਂ ਮੈਂ ਪਹਿਲੇ ਦਿਨ ਉਸ ਦੇ ਸੈਂਟਰ ਗਿਆ ਤਾਂ ਉਹ ਉਸ ਦੀਆਂ ਗੱਲਾਂ ਅਤੇ ਐਕਸਾਈਜ਼ ਸੁਣੀਆਂ। ਉਹ ਇਸ ਤੋਂ ਬਹੁਤ ਪ੍ਰਭਾਵਿਤ ਹੋਏ। ਜਿਸ ਤੋਂ ਬਾਅਦ ਉਹ ਡਾਕਟਰ ਸੁਮਨਦੀਪ ਕੌਰ ਕੋਲ ਇਲਾਜ ਲਈ ਜਾਂਦੇ ਰਹੇ। ਅੱਜ ਸੁਮਨਦੀਪ ਜਿਸ ਪੱਧਰ ਤੱਕ ਪਹੁੰਚ ਚੁੱਕੀ ਹੈ ਅਤੇ ਪਹੁੰਚ ਰਹੀ ਹੈ। ਉਸ ਦੀ ਆਪਣੀ ਮਿਹਨਤ ਅਤੇ ਸ਼ੈਲੀ ਹੈ। ਸਰਜਨ ਹੋਣ ਦੇ ਨਾਤੇ ਉਹ ਆਪਣੀ ਮਾਂ ਦਾ ਇਲਾਜ ਡਾ: ਸੁਮਨਦੀਪ ਤੋਂ ਕਰਵਾ ਰਿਹਾ ਹੈ। ਸ਼ਿੰਗਾਰਾ ਹਸਪਤਾਲ ਦੇ ਸਰਜਨ ਜੇ.ਪੀ ਸਿੰਘ ਨੇ ਦੱਸਿਆ ਕਿ ਡਾਕਟਰ ਸੁਮਨਦੀਪ ਕੌਰ ਨੂੰ ਇੱਥੇ ਲਿਆਉਣ ਵਾਲਾ ਉਸ ਦਾ ਪਤੀ ਸੰਦੀਪ ਸਿੰਘ ਹੈ। ਜੋ ਹਰ ਪਲ ਉਹਨਾਂ ਦਾ ਸਾਥ ਦਿੰਦੇ ਹਨ ਅਤੇ ਉਹਨਾਂ ਦੇ ਨਾਲ ਰਹਿੰਦੇ ਹਨ। ਉਹ ਡਾ: ਸੁਮਨਦੀਪ ਕੌਰ ਨੂੰ ਬਚਪਨ ਤੋਂ ਜਾਣਦੇ ਹਨ ਅਤੇ ਬਚਪਨ ਤੋਂ ਹੀ ਉਹ ਫਿਜ਼ੀਓਥੈਰੇਪਿਸਟ ਬਣਨਾ ਚਾਹੁੰਦੇ ਸਨ। ਅੱਜ ਸੁਮਨਦੀਪ ਬਹੁਤ ਵਧੀਆ ਡਾਕਟਰ ਹੈ। ਸਰਜਨ ਹੋਣ ਦੇ ਨਾਤੇ ਉਹ ਆਪਣੀ ਮਾਂ ਦਾ ਇਲਾਜ ਡਾ: ਸੁਮਨਦੀਪ ਕੌਰ ਤੋਂ ਕਰਵਾ ਰਹੇ ਹਨ। ਇਸ ਮੌਕੇ ਹਰਬੰਸ ਸਿੰਘ, ਸੀ.ਈ.ਓ ਰੇਸ਼ਮ ਸਿੰਘ, ਮਨਜੀਤ ਸਿੰਘ ਪੱਪੂ, ਡਾ. ਗੁਰਪ੍ਰੀਤ ਕੌਰ, ਰਮਨ ਕੁਮਾਰ, ਚੀਫ ਹਾਕੀ ਕੋਚ ਡਾ. ਬਲਜੀਤ ਕੌਰ, ਡਾ. ਜਤਿੰਦਰ ਸਿੰਘ ਸਾਥੀ, ਡਾ. ਸੰਜੀਵ ਗੋਇਲ, ਡਾ. ਐਰ.ਪੀ.ਐੱਸ ਛਾਬੜਾ, ਤਜਿੰਦਰ ਪਾਲ ਸਿੰਘ ਤੂਰ, ਡਾ. ਜਸਪ੍ਰੀਤ ਵਿਜ, ਅਰਜੁਨ ਠਾਕੁਰ ਧੂਮਲ, ਦਲਬੀਰ ਸਿੰਘ ਸੋਢੀ ਅਤੇ ਹੋਰ ਵੀ ਹਾਜ਼ਰ ਸਨ।



### ਅੰਤਰਰਾਸ਼ਟਰੀ ਖਿਡਾਰੀ ਵੀ ਇਲਾਜ ਲਈ ਆਉਂਦੇ ਹਨ

ਇਸ ਮੌਕੇ ਡਾ: ਸੁਮਨਦੀਪ ਕੌਰ ਨੇ ਦੱਸਿਆ ਕਿ ਉਹ 10 ਸਾਲਾਂ ਤੋਂ ਫਿਜ਼ੀਓਥੈਰੇਪੀ ਕਰ ਰਹੀ ਹੈ। ਉਨ੍ਹਾਂ ਕੋਲ ਅੰਤਰਰਾਸ਼ਟਰੀ ਖਿਡਾਰੀ ਵੀ ਆਉਂਦੇ ਹਨ। ਜਿਨ੍ਹਾਂ ਜਲੰਧਰ ਦਾ ਨਾਂ ਰੌਸ਼ਨ ਕੀਤਾ ਹੈ। ਉਸ ਦਾ ਪਤੀ ਸੰਦੀਪ ਸਿੰਘ ਖੁਦ ਐਥਲੀਟ ਹੈ। ਫਿਜ਼ੀਓਥੈਰੇਪੀ ਨੂੰ ਇੱਕ ਆਧੁਨਿਕ ਡਾਕਟਰੀ ਵਿਧੀ ਮੰਨਿਆ ਜਾਂਦਾ ਹੈ, ਪਰ ਇਹ ਮਸਾਜ ਅਤੇ ਕਸਰਤ ਦੇ ਨੁਸਖੇ ਦਾ ਇੱਕ ਮਿਸ਼ਰਤ ਰੂਪ ਹੈ ਜੋ ਸਦੀਆਂ ਤੋਂ ਭਾਰਤ ਵਿੱਚ ਪ੍ਰਚਲਿਤ ਹੈ। ਫਿਜ਼ੀਓਥੈਰੇਪੀ ਦਵਾਈਆਂ ਲਏ ਬਿਨਾਂ ਜਾਂ ਸਰਜਰੀ ਤੋਂ ਬਿਨਾਂ ਮਾਨਸਿਕ ਤਣਾਅ, ਗੋਡਿਆਂ, ਕਮਰ ਜਾਂ ਕਮਰ ਦੇ ਦਰਦ ਵਰਗੀਆਂ ਕਈ ਬਿਮਾਰੀਆਂ ਤੋਂ ਬਚਣ ਜਾਂ ਉਨ੍ਹਾਂ ਨਾਲ ਨਜਿੱਠਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ।


ROHITA PANNU
LAW CORPORATION




BARRISTER & SOLICITOR
SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

Ph: 604.589.1399
Fax : 604.589.1556
www.rohitapannulaw.com
# 102-9278, 120th St.,
Surrey, BC V3V 4W8

ਜਨਮ ਦਿਨ ’ਤੇ ਵਿਸ਼ੇਸ਼

# ਸਰਦਾਰ ਜੱਸਾ ਸਿੰਘ ਆਹਲੂਵਾਲੀਆ



ਜਦੋਂ ਜਗਤ ਗੁਰੂ ਨੇ ਨਿਰਮਲ ਪੰਥ ਦੀ ਨੀਂਹ ਰੱਖੀ ਤਾਂ ਇਸ ਪੰਥ ਵਿਚ ਪ੍ਰਵੇਸ਼ ਕਰਨ ਲਈ ਇੱਕ ਲਾਜ਼ਮੀ ਸ਼ਰਤ ਵੀ ਲਗਾ ਦਿੱਤੀ।ਇਸ ਸ਼ਰਤ ਦੇ ਮੁਤਾਬਿਕ:-

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰੁ ਦੀਜੈ ਕਾਣਿ ਨ ਕੀਜੈ ॥**

ਭਾਵ ਇਸ ਨਿਰਮਲ ਪੰਥ ਦਾ ਭਾਗੀਦਾਰ ਬਣਨ ਲਈ ਆਪਣਾ ਤਨ ਅਤੇ ਮਨ ਪੂਰਨ ਰੂਪ ਵਿਚ ਗੁਰੂ/ਸਿਧਾਂਤ ਨੂੰ ਸਮਰਪਿਤ ਕਰਨ ਲਈ ਕਹਿ ਦਿੱਤਾ। ਸਿੱਖੀ ਪਰਮੇਸ਼ਰ ਨੂੰ ਹਾਜ਼ਰ-ਨਾਜ਼ਰ ਜਾਣ ਕੇ ਸਵੇਰੇ-ਸ਼ਾਮ ਸਰਬਤ ਦਾ ਭਲਾ ਲੋਚਦੀ ਹੈ।ਇਸ ਲੋਚਾ ਮੁਤਾਬਿਕ ਪੂਰੇ/ਖ਼ਰੇ ਉਤਰਨ ਦੀ ਆਸ ਇੱਕ ਸਮਰਪਿਤ ਸਿੱਖ/ਸ਼ਰਧਾਲੂ ਕੋਲੋਂ ਹੀ ਕੀਤੀ ਜਾ ਸਕਦੀ ਹੈ।ਸੇਵਾ,ਸਿਮਰਨ ਅਤੇ ਪਰਉਪਕਾਰੀ ਜੀਵਨ ਸਿੱਖ ਫ਼ਲਸਫ਼ੇ ਦਾ ਅਹਿਮ ਹਿੱਸਾ ਹਨ।ਇਸ ਫ਼ਲਸਫ਼ੇ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ ਹੈ।ਇਸ ਯੋਗਦਾਨ ਵਿਚ ਮਹਾਨ ਕੁਰਬਾਨੀਆਂ/ਸ਼ਹੀਦੀਆਂ ਵੀ ਹੋਈਆਂ ਹਨ ਜਿਹੜੀਆਂ ਸਮੇਂ-ਸਮੇਂ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਿਆਰੇ ਸਿੱਖਾਂ ਵੱਲੋਂ ਕੀਤੀਆਂ/ਦਿੱਤੀਆਂ ਗਈਆਂ ਹਨ।ਗੁਰੂ ਸਾਹਿਬ ਵੱਲੋਂ ਪਾਈ ਵੰਗਾਰ (ਸੀਸ ਤਲੀ ‘ਤੇ ਧਰਨ) ਦੇ ਹੁੰਗਾਰੇ ਵਜੋਂ ਬਹੁਤ ਸਾਰੇ ਸਿੱਖ ਤਲਵਾਰ ਦੀ ਧਾਰ ‘ਤੇ ਤੁਰ ਕੇ ਸਿੱਖ ਇਤਿਹਾਸ ਨੂੰ ਅਮੀਰ ਬਣਾਉਂਦੇ ਰਹੇ ਹਨ।ਇਨ੍ਹਾਂ ਪ੍ਰਮੁੱਖ ਸਿੱਖਾਂ ਵਿਚ ਹੀ ਸ਼ਾਮਿਲ ਹੈ ‘ਸੁਲਤਾਨ-ਉੱਲ-ਕੌਮ’ ਸ. ਜੱਸਾ ਸਿੰਘ ਆਹਲੂਵਾਲੀਏ ਦਾ ਨਾਮ।

ਸੰਤ-ਸਿਪਾਹੀ ਬਿਰਤੀ ਦੇ ਧਨੀ ਸ.ਜੱਸਾ ਸਿੰਘ ਆਹਲੂਵਾਲੀਏ ਦਾ ਜਨਮ ੩ ਮਈ ੧੭੧੮ ਈ ਨੂੰ ਸ.ਬਦਰ ਸਿੰਘ ਅਤੇ ਮਾਤਾ ਜੀਵਨ ਕੌਰ (ਕੁੱਝ ਕੁ ਇਤਿਹਾਸਕਾਰਾਂ ਮੁਤਾਬਿਕ ਮਾਤਾ ਦਾ ਨਾਮ ਗੁਜਰੀ ਹੈ) ਦੇ ਗ੍ਰਹਿ ਵਿਖੇ ਪਿੰਡ ਆਹਲੂ ਜ਼ਿਲ੍ਹਾ ਲਾਹੌਰ ਵਿਖੇ ਹੋਇਆ।ਇਸ ਪਰਿਵਾਰ ਦੇ ਵਡੇਰੇ ਸ.ਬਦਰ ਸਿੰਘ ਅਤੇ ਦੇਵਾ ਸਿੰਘ (ਦਾਦਾ) ਗੁਰੂ ਘਰ ਦੇ ਪ੍ਰਤੀ ਅਥਾਹ ਸ਼ਰਧਾ ਰੱਖਦੇ ਸਨ।ਜੱਸਾ ਸਿੰਘ ਦੀ ਮਾਤਾ ਵੀ ਸਿੱਖੀ ਸਰੂਪ ਵਿਚ ਪ੍ਰਪੱਕ ਅਤੇ ਨਿੱਤਨੇਮ ਵਾਲੀ ਔਰਤ ਸੀ।ਸ਼ਬਦ ਚੌਕੀ ਲਗਾਉਣਾ ਅਤੇ ਗੁਰਬਾਣੀ ਦਾ ਕੀਰਤਨ ਕਰਨਾ ਉਸ ਦੇ ਨਿੱਤਨੇਮ ਵਿਚ ਸ਼ਾਮਿਲ ਸੀ।

ਜਦੋਂ ਜੱਸਾ ਸਿੰਘ ਅਜੇ ਚਾਰ ਕੁ ਸਾਲ ਦਾ ਹੀ ਹੋਇਆ ਸੀ ਕਿ ਪਿਤਾ ਸ.ਬਦਰ ਸਿੰਘ ਚੜ੍ਹਾਈ ਕਰ ਗਿਆ।ਯਤੀਮ ਹੋਏ ਬਾਲਕ ਲਈ ਹੁਣ ਕੇਵਲ ਮਾਤਾ ਦਾ ਹੀ ਸਹਾਰਾ ਰਹਿ ਗਿਆ ਸੀ।ਮਾਂ ਦੇ ਸਹਾਰੇ ਦੇ ਨਾਲ-ਨਾਲ ਗੁਰਬਾਣੀ ਦਾ ਓਟ-ਆਸਰਾ ਵੀ ਉਸ ਦੇ ਜੀਵਨ ਦਾ ਆਧਾਰ ਬਣਨ ਲੱਗਾ।

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਸੱਚਖੰਡ ਪਿਆਨਾ ਕਰ ਜਾਣ ਤੋਂ ਬਾਅਦ ਖ਼ਾਲਸਾ-ਪੰਥ ਦੀ ਅਗਵਾਈ ਮਾਤਾ ਸੁੰਦਰੀ ਜੀ ਕਰ ਰਹੇ ਸਨ।ਇੱਕ ਦਿਨ ਬਾਲਕ ਜੱਸਾ ਸਿੰਘ ਆਪਣੀ ਮਾਤਾ ਅਤੇ ਮਾਮਾ ਸ.ਬਾਘ ਸਿੰਘ ਨਾਲ ਮਾਤਾ ਸੁੰਦਰੀ ਜੀ ਕੋਲੋ ਅਸ਼ੀਰਵਾਦ ਲੈਣ ਲਈ ਗਏ।ਮਾਤਾ ਜੀ ਉਸ ਦੇ ਰਸਭਿੰਨੇ ਕੀਰਤਨ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਉਸ ਨੂੰ ਆਪਣੇ ਕੋਲ ਹੀ ਰੱਖ ਲਿਆ ਅਤੇ ਪੁੱਤਾਂ ਵਾਂਗ ਪਿਆਰ ਕਰਨ ਲੱਗੇ।ਮਾਤਾ ਸੁੰਦਰੀ ਜੀ ਦੀ ਸੰਗਤ ਕਰਕੇ ਬਾਲਕ ਜੱਸਾ ਸਿੰਘ ਨੇ ਕਈ ਧਾਰਮਿਕ ਅਤੇ ਇਤਿਹਾਸਕ ਪੁਸਤਕਾਂ ਪੜ੍ਹੀਆਂ ਜਿਹੜੀਆਂ ਉਸ ਨੂੰ ਸਿੱਖੀ ਦੇ ਦੋ ਥੰਮਾਂ ਸੇਵਾ ਅਤੇ ਸਿਮਰਨ ਨਾਲ ਜੋੜਨ ਵਿਚ ਸਹਾਈ ਸਾਬਤ ਹੋਈਆਂ।

ਸੱਤ ਸਾਲ ਦਿੱਲੀ ਵਿਖੇ ਰਹਿਣ ਤੋਂ ਬਾਅਦ ਸ.ਜੱਸਾ ਸਿੰਘ ਅਹਲੂਵਾਲੀਆ ਜਲੰਧਰ ਵਿਖੇ ਆਪਣੇ ਮਾਮਾ ਬਾਘ ਸਿੰਘ ਹੱਲੋਵਾਲੀਆ ਕੋਲ ਆ ਗਿਆ।ਆਪਣੀ ਭੈਣ ਅਤੇ ਭਾਣਜੇ ਨੂੰ ਨਾਲ ਲੈ ਕੇ ਮਾਮਾ ਜੀ ਇੱਕ ਦਿਨ ਨਵਾਬ ਕਪੂਰ ਸਿੰਘ ਨੂੰ ਮਿਲਣ ਲਈ ਕਰਤਾਰਪੁਰ ਸਾਹਿਬ ਵਿਖੇ ਪਹੁੰਚ ਗਏ।ਨਵਾਬ ਸਾਹਿਬ ਮਾਂ-ਪੁੱਤ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਜੱਸਾ ਸਿੰਘ ਨੂੰ ਪੱਕੇ ਤੌਰ ‘ਤੇ ਆਪਣੇ ਕੋਲ ਰੱਖਣ ਲਈ ਕਹਿਣ ਲੱਗੇ।ਮਾਮਾ ਬਾਘ ਸਿੰਘ ਜੀ ਪੰਥ ਦੀ ਸਿਰਮੌਰ ਸਖਸ਼ੀਅਤ ਦਾ ਕਿਹਾ ਨਾ ਮੋੜ ਸਕੇ।ਨਵਾਬ ਸਾਹਿਬ ਦੀ ਆਪਣੀ ਸੰਤਾਨ ਨਾ ਹੋਣ ਕਰਕੇ ਉਹ ਜੱਸਾ ਸਿੰਘ ਨੂੰ ਆਪਣੇ ਪੁੱਤਰ ਵਾਂਗ ਹੀ ਪਿਆਰਨ ਅਤੇ ਦੁਲਾਰਨ ਲੱਗੇ।

ਨਵਾਬ ਕਪੂਰ ਸਿੰਘ ਨੇ ਸ. ਜੱਸਾ ਸਿੰਘ ਦੇ ਨਿਖਰੇ (ਰਹਿਤ-ਬਹਿਤ ਵਾਲੇ) ਜੀਵਨ ਨੂੰ ਦੇਖ ਕੇ ਉਸ ਨੂੰ (ਪੰਜਾਂ ਪਿਆਰਿਆਂ ਕੋਲੋਂ) ਖੰਡੇ-ਬਾਟੇ ਦੀ ਪਹੁਲ ਛਕਾ ਦਿੱਤੀ।ਪਹੁਲ ਛਕਣ ਤੋਂ ਬਾਅਦ ਸ. ਜੱਸਾ ਸਿੰਘ ਤਨੋਂ-ਮਨੋਂ ਗੁਰੂ ਘਰ ਨੂੰ ਸਮਰਪਿਤ ਹੋ ਗਿਆ।ਖ਼ਾਲਸੇ ਦੇ ਦੀਵਾਨਾਂ ਵਿਚ ਸਵੇਰੇ-ਸ਼ਾਮ ਸੰਗਤ ਦੀ ਸੇਵਾ (ਪੱਖਾ ਝੱਲ ਕੇ),ਗੁਰਬਾਣੀ ਦੇ ਪਾਠ ਅਤੇ ਸ਼ਬਦ-ਕੀਰਤਨ ਵਿਚ ਵੱਧ ਚੜ੍ਹਕੇ ਭਾਗ ਲੈਣ ਲੱਗਾ।ਗੁਰੂ-ਘਰ ਪ੍ਰਤੀ ਸੁੱਚੀ ਲੱਗਨ ਨੂੰ ਦੇਖ ਕੇ ਨਾਨਕ ਨਾਮ-ਲੇਵਾ ਸੰਗਤ ਵੀ ਉਸ ਨੂੰ ਰੱਜਵਾਂ ਪਿਆਰ ਤੇ ਸਤਿਕਾਰ ਦੇਣ ਲੱਗੀ।

ਨਵਾਬ ਸਾਹਿਬ ਦੀ ਅਗਵਾਈ ਹੇਠ ਜੱਸਾ ਸਿੰਘ ਨੇ ਘੋੜ-ਸਵਾਰੀ, ਨੇਜ਼ਾਬਾਜ਼ੀ, ਤੀਰ ਅੰਦਾਜ਼ੀ ਅਤੇ ਤੇਗ਼ ਚਲਾਉਣੀ ਬਾ ਖ਼ੂਬੀ ਸਿਖ ਲਈ।ਇਸ ਸਿਖਲਾਈ ਤੋਂ ਬਾਅਦ ਉਹ ਯੁੱਧ-ਕਲਾ ਵਿਚ ਕਾਫ਼ੀ ਨਿਪੁੰਨ ਹੋ ਗਿਆ।

ਛੋਟੀ ਉਮਰੇ ਦਿੱਲੀ ਵਿਖੇ ਰਹਿਣ ਕਰਕੇ ਸ.ਜੱਸਾ ਸਿੰਘ ਆਹਲੂਵਾਲੀਏ ਦੀ ਬੋਲ-ਬਾਣੀ ਵਿਚ ਹਿੰਦੀ ਅਤੇ ਉਰਦੂ ਦੇ ਕੁੱਝ ਲਫ਼ਜ਼ਾਂ ਦੀ ਰਲਾਵਟ ਹੋ ਗਈ ਸੀ,ਜਿਸ ਕਰਕੇ ਨਾਲ ਦੇ ਸਿੰਘ ਉਸ ਨੂੰ ‘ਹਮਕੋ-ਤੁਮਕੋ’ ਕਹਿ ਕੇ ਮਖੌਲ ਕਰਦੇ ਸਨ।ਇੱਕ ਦਿਨ ਜੱਸਾ ਸਿੰਘ ਇਸ ਮਖੌਲ ਦਾ ਬੁਰਾ ਮਨਾ ਗਿਆ ਅਤੇ ਨਵਾਬ ਸਾਹਿਬ ਕੋਲ ਸ਼ਿਕਾਇਤ ਕਰ ਦਿੱਤੀ।ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਨੂੰ ਪਿਆਰ ਨਾਲ ਸਮਝਾਇਆ ਕਿ “ਇਹ ਕਲਗੀਧਰ ਦਾ ਖ਼ਾਲਸਾ ਹੈ,ਜੋ ਇਹ ਮੇਰੇ ਵਰਗੇ (ਘੋੜਿਆਂ ਦੀ ਲਿੱਦ ਚੁੱਕਣ ਵਾਲੇ) ਨੂੰ ਨਵਾਬੀ ਬਖ਼ਸ਼ ਸਕਦਾ ਹੈ ਤਾਂ ਕੀ ਪਤਾ ਕੱਲ੍ਹ ਨੂੰ ਤੇਰੇ ਵਰਗੇ ਦਾਣਾ-ਫੱਕਾ ਵੰਡਣ ਵਾਲੇ ਨੂੰ ਬਾਦਸ਼ਾਹ/ਪਾਤਸ਼ਾਹ ਹੀ ਬਣਾ ਦੇਵੇ।

ਨਵਾਬ ਸਾਹਿਬ ਦੀ ਕੀਤੀ ਹੋਈ ਇਹ ਭਵਿੱਖਬਾਣੀ ਸੌ ਪ੍ਰਤੀਸ਼ਤ ਸੱਚ ਸਾਬਤ ਹੋਈ ਜਦੋਂ ੧੭੬੨ ਈ. ਵਿਚ ਖ਼ਾਲਸਾ ਪੰਥ ਨੇ ਸ.ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ-ਉਲ-ਕੌਮ ਦੇ ਲਕਬ ਨਾਲ ਨਿਵਾਜ਼ ਦਿੱਤਾ।

ਹੁਣ ਜਿਵੇਂ-ਜਿਵੇਂ ਸ. ਜੱਸਾ ਸਿੰਘ ਆਹਲੂਵਾਲੀਆ ਆਪਣੀ ਹਯਾਤੀ ਦਾ ਸਫ਼ਰ ਤਹਿ ਕਰਦਾ ਜਾ ਰਿਹਾ ਸੀ, ਤਿਵੇਂ-ਤਿਵੇਂ ਆਪਣੀ ਫ਼ਰਜ਼ਾਂ ਪ੍ਰਤੀ ਵੀ ਸੁਚੇਤ ਹੋਈ ਜਾ ਰਿਹਾ ਸੀ।ਇੱਕ ਰਾਤ ਬਹੁਤ ਤੇਜ਼ ਬਾਰਸ਼ ਹੋ ਰਹੀ ਸੀ।ਨਵਾਬ ਕਪੂਰ ਸਿੰਘ ਨੇ ਕਈ ਵਾਰ ਆਵਾਜ਼ ਦਿੱਤੀ, ‘ਪਹਿਰੇ ‘ਤੇ ਕੌਣ ਹੈ,ਹਾਜ਼ਰ ਹੋਵੇ?’ ਜਵਾਬ ਵਿਚ ਹਰ ਵਾਰੀ ਸ.ਜੱਸਾ ਸਿੰਘ ‘ਆਇਆ ਜੀ’ ਕਹਿ ਕੇ ਹਾਜ਼ਰ ਹੋ ਜਾਂਦਾ।ਉਸ ਦੀ ਇਸ ਵਫ਼ਾਦਾਰੀ ਨੂੰ ਦੇਖ ਕੇ ਨਵਾਬ ਸਾਹਿਬ ਨੇ ਉਸ ਨੂੰ ਆਪਣਾ ਅਹਿਲਕਾਰ ਬਣਾ ਲਿਆ।

੨੦ ਕੁ ਸਾਲ ਦੀ ਉਮਰ ਵਿਚ ਸ.ਜੱਸਾ ਸਿੰਘ ਆਹਲੂਵਾਲੀਏ ਨੇ ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ ਨਾਦਰਸ਼ਾਹ ਦੀ ਫ਼ੌਜ ਨੂੰ ਅਜਿਹਾ ਸਬਕ ਸਿਖਾਇਆ ਕਿ ਉਹ ਜ਼ਕਰੀਆ ਖ਼ਾਨ ਨੂੰ ਇਹ ਕਹਿਣ ਲਈ ਮਜਬੂਰ ਹੋ ਗਿਆ ਕਿ “ਅਜਿਹੇ ਲੋਕਾਂ (ਖ਼ਾਲਸਾ ਪੰਥ) ਤੋਂ ਡਰਨਾ ਚਾਹੀਦਾ ਹੈ,ਉਹ ਸਮਾਂ ਦੂਰ ਨਹੀਂ ਜਦੋਂ ਇਸ ਮੁਲਕ ਦੀ ਮਲਕੀਅਤ ਇਨ੍ਹਾਂ ਲੋਕਾਂ ਦੇ ਹੱਥ ਹੋਵੇਗੀ।”

ਸ.ਜੱਸਾ ਸਿੰਘ ਆਹਲੂਵਾਲੀਏ ਦੇ ਵਿਅਕਤੀਤੱਵ ਦਾ ਇੱਕ ਉੱਭਰਵਾਂ ਪੱਖ ਇਹ ਵੀ ਰਿਹਾ ਹੈ ਕਿ ਉਸ ਨੇ ਸਾਰੀ ਉਮਰ ਕੀਤੇ ਜੰਗਾਂ-ਯੁੱਧਾਂ ਵਿਚ ਨੈਤਿਕਤਾ ਦਾ ਪੱਲਾ ਕਦੇ ਨਹੀਂ ਛੱਡਿਆ।ਇਸ ਦੀ ਇੱਕ ਉਦਾਹਰਣ ਪਾਣੀਪਤ ਦੀ ਤੀਸਰੀ ਲੜਾਈ ਤੋਂ ਬਾਅਦ ਅਹਿਮਦਸ਼ਾਹ ਅਬਦਾਲੀ ਦੇ ਕਬਜ਼ੇ ਵਿਚੋਂ ੨੨੦੦ ਹਿੰਦੂ ਲੜਕੀਆਂ ਨੂੰ ਛੁਡਾ ਕੇ ਬਾਇੱਜ਼ਤ ਅਤੇ ਸਹੀ ਸਲਾਮਤ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾਉਣਾ ਹੈ।ਜਦੋਂ ਅਬਦਾਲੀ ਦਾ ਜਰਨੈਲ ਜਹਾਨ ਖ਼ਾਨ ਸਿਆਲਕੋਟ ਦੀ ਜੰਗ ਹਾਰ ਗਿਆ ਤਾਂ ਉਸ ਦੀ ਪਿਆਰੀ ਬੇਗ਼ਮ ਅਤੇ ਉਸ ਦੀਆਂ ਕੁੱਝ ਨਜ਼ਦੀਕੀ ਔਰਤਾਂ ਖ਼ਾਲਸੇ ਦੇ ਘੇਰੇ ਵਿਚ ਆ ਗਈਆਂ।ਆਹਲੂਵਾਲੀਏ ਸਰਦਾਰ ਨੇ ਉਨ੍ਹਾਂ ਪਰਾਈਆਂ ਇਸਤਰੀਆਂ ਨੂੰ ਵੀ ਬਣਦਾ ਮਾਣ-ਸਤਿਕਾਰ ਦਿੱਤਾ ਅਤੇ ਸੁਰੱਖਿਅਤ ਥਾਂਵਾਂ ਉਪਰ ਪਹੁੰਚਾਇਆ।

੨੦ ਅਕਤੂਬਰ ਸੰਨ ੧੭੮੩ ਨੂੰ ਸ.ਜੱਸਾ ਸਿੰਘ ਆਹਲੂਵਾਲੀਆ ਖ਼ਾਲਸਾ ਪੰਥ ਵੱਲੋਂ ਅੰਮ੍ਰਿਤਸਰ ਵਿਚ ਮਨਾਈ ਜਾਣ ਵਾਲੀ ਦੀਵਾਲੀ ਵਿਚ ਸ਼ਿਰਕਤ ਕਰਨ ਲਈ ਆ ਰਿਹਾ ਸੀ।ਰਸਤੇ ਵਿਚ ਉਸ ਨੇ ਇੱਕ ਹਦਵਾਣਾ ਖਾ ਲਿਆ।ਹਦਵਾਣਾ ਖਾਣ ਤੋਂ ਬਾਅਦ ਉਸ ਦੇ ਪੇਟ ਵਿਚ ਤਿੱਖਾ ਦਰਦ ਹੋਣਾ ਸ਼ੁਰੂ ਹੋ ਗਿਆ,ਜੋ ਉਸ ਲਈ ਜਾਨ ਲੇਵਾ ਸਾਬਤ ਹੋਇਆ।ਉਸ ਦਾ ਅੰਤਿਮ ਸਸਕਾਰ (ਉਸ ਦੀ ਆਖਰੀ ਇੱਛਾ ਮੁਤਾਬਿਕ) ਬਾਬਾ ਅਟੱਲ ਰਾਇ ਦੇ ਸਥਾਨ ‘ਤੇ ਨਵਾਬ ਕਪੂਰ ਸਿੰਘ ਦੀ ਯਾਦਗਾਰ ਦੇ ਨਾਲ ਹੀ ਕਰ ਦਿੱਤਾ ਗਿਆ।

ਅਖੀਰ ਵਿਚ ਇਹ ਕਿਹਾ ਜਾ ਸਕਦਾ ਹੈ ਸ.ਜੱਸਾ ਸਿੰਘ ਆਹਲੂਵਾਲੀਆ ੧੮ਵੀਂ ਸਦੀ ਦਾ ਉਹ ਮਹਾਨ ਸਿੱਖ ਜਰਨੈਲ ਹੋਇਆ ਹੈ ਜਿਹੜਾ ਸਿੱਖੀ ਦੀ ਆਨ ਅਤੇ ਸ਼ਾਨ ਨੂੰ ਵਧਾਉਣ ਲਈ ਸੀਸ ਤਲੀ ‘ਤੇ ਧਰ ਕੇ ਮੈਦਾਨ-ਏ-ਜੰਗ ਵਿਚ ਜੂਝਦਾ ਰਿਹਾ ਹੈ। ਉਸ ਦੀ ਇਸ ਜੁਝਾਰੂ ਅਤੇ ਪਰਉਪਕਾਰੂ ਬਿਰਤੀ ਨੇ ਜਿਥੇ ਸਿੱਖ ਇਤਿਹਾਸ ਦੇ ਮਾਣ ਨੂੰ ਵਧਾਇਆ ਹੈ,ਉਥੇ ਵਾਲੀਆ ਭਾਈਚਾਰੇ ਦਾ ਸਿਰ ਵੀ ਉਚਿਆਇਆ ਹੈ।

—ਰਮੇਸ਼ ਬੱਗਾ ਚੋਹਲਾ
1348/17/1 ਗਲੀ ਨੰ: 8
ਰਿਸ਼ੀ ਨਗਰ ਐਕਸਟੈਂਸ਼ਨ (ਲੁਧਿਆਣਾ)
9463132719

# ਆ ਜਾ ਤੁਝ ਕੋ ਪੁਕਾਰੇ ਮੇਰੇ ਗੀਤ... ਦਾ ਰਚੇਤਾ ਅਨੰਦ ਬਖ਼ਸ਼ੀ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਅਜੋਕਾ ਬੌਲੀਵੁੱਡ ਸੰਗੀਤ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਤੋਂ ਲੈ ਕੇ ਨੌਵੇਂ ਦਹਾਕੇ ਤੱਕ ਆਪਣਾ ਸਿਖਰ ਹੰਢਾਉਣ ਤੋਂ ਬਾਅਦ ਹੁਣ ਹੰਭ ਗਿਆ ਜਾਪਦਾ ਹੈ। ਅਜੋਕੇ ਬੌਲੀਵੁੱਡ ਸੰਗੀਤ ਵਿੱਚ ਪੁਰਾਣੇ ਵੇਲਿਆਂ ਵਾਲੀ ਸਾਰਥਿਕਤਾ, ਸੰਗੀਤਕਤਾ, ਸੁਰੀਲਾਪਣ ਤੇ ਸੰਗੀਤ ਦੀ ਸੁੱਚਤਾ ਪ੍ਰਤੀ ਸਮਰਪਣ ਲਗਭਗ ਖ਼ਤਮ ਹੋ ਗਿਆ ਜਾਪਦਾ ਹੈ। ਜੇ ਇਹ ਗੱਲ ਸੱਚ ਨਾ ਹੁੰਦੀ ਤਾਂ ਅੱਜ ਵੀ ਲੋਕ ਨੌਸ਼ਾਦ, ਸ਼ੰਕਰ-ਜੈ ਕਿਸ਼ਨ, ਲਕਸ਼ਮੀਕਾਂਤ-ਪਿਆਰੇ ਲਾਲ, ਕਲਿਆਣ ਜੀ-ਅਨੰਦ ਜੀ, ਮਦਨ ਮੋਹਨ, ਰੌਸ਼ਨ, ਐੱਸ.ਡੀ. ਬਰਮਨ, ਆਰ.ਡੀ. ਬਰਮਨ ਅਤੇ ਸੀ. ਰਾਮਚੰਦਰ ਜਿਹੇ ਸੰਗੀਤ ਨਿਰਦੇਸ਼ਕਾਂ ਤੇ ਸਾਹਿਰ ਲੁਧਿਆਣਵੀ, ਪ੍ਰਦੀਪ, ਹਸਰਤ ਜੈਪੁਰੀ, ਮਜਰੂਹ ਸੁਲਤਾਨਪੁਰੀ, ਰਜਿੰਦਰ ਕ੍ਰਿਸ਼ਨ ਅਤੇ ਅਨੰਦ ਬਖ਼ਸ਼ੀ ਜਿਹੇ ਕਲਮ ਦੇ ਧਨੀ ਗੀਤਕਾਰਾਂ ਦੀਆਂ ਅਮਰ ਰਚਨਾਵਾਂ ਸੁਣ ਕੇ ਝੂਮਦੇ ਨਾ ਹੁੰਦੇ। ਅਨੰਦ ਬਖ਼ਸ਼ੀ ਬੌਲੀਵੁੱਡ ਦਾ ਉਹ ਸੁੱਘੜ ਸਿਆਣਾ ਗੀਤਕਾਰ ਸੀ ਜਿਸ ਨੇ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਤੋਂ ਲੈ ਕੇ ਆਖ਼ਰੀ ਦਹਾਕੇ ਤੱਕ ਆਏ ਹਰੇਕ ਦੌਰ ਦੀ ਨਬਜ਼ ਫੜੀ ਤੇ ਆਪਣੇ ਮਨਮੋਹਕ ਤੇ ਅਰਥ ਭਰਪੂਰ ਗੀਤਾਂ ਦੇ ਮੋਤੀਆਂ ਨਾਲ ਬੌਲੀਵੁੱਡ ਦੀ ਝੋਲੀ ਭਰ ਦਿੱਤੀ ਸੀ। ਬਖ਼ਸ਼ੀ ਅਨੰਦ ਪ੍ਰਕਾਸ਼ ਵੈਦ ਉਰਫ਼ ਅਨੰਦ ਬਖ਼ਸ਼ੀ ਦਾ ਜਨਮ 21 ਜੁਲਾਈ 1930 ਨੂੰ ਮਾਤਾ ਸੁਮਿੱਤਰਾ ਦੇਵੀ ਦੀ ਕੁੱਖੋਂ ਪਾਕਿਸਤਾਨ ਦੇ ਰਾਵਲਪਿੰਡੀ ਇਲਾਕੇ ਵਿੱਚ ਹੋਇਆ ਸੀ। ਅਨੰਦ ਅਜੇ ਪੰਜ ਕੁ ਵਰ੍ਹਿਆਂ ਦਾ ਸੀ ਜਦੋਂ ਉਸ ਦੀ ਮਾਂ ਚੱਲ ਵਸੀ ਸੀ। ਸੰਨ ਸੰਤਾਲੀ ਵਿੱਚ ਹੋਏ ਮੁਲਕ ਦੇ ਬਟਵਾਰੇ ਮਗਰੋਂ ਬਖ਼ਸ਼ੀ ਦਾ ਪਰਿਵਾਰ ਪੂਨਾ ਤੇ ਮੇਰਠ ਵਿਖੇ ਕੁਝ ਚਿਰ ਵੱਸਣ ਤੋਂ ਬਾਅਦ ਅਖ਼ੀਰ ਦਿੱਲੀ ਵਿਖੇ ਆ ਵੱਸਿਆ। ਚੜ੍ਹਦੀ ਉਮਰੇ ਕਾਲਜ ਦੀ ਪੜ੍ਹਾਈ ਦੌਰਾਨ ਅਨੰਦ ਬਖ਼ਸ਼ੀ ਨੂੰ ਸ਼ਾਇਰੀ ਕਰਨ ਦਾ ਸ਼ੌਕ ਪੈ ਗਿਆ ਜੋ ਬਾਅਦ ਵਿੱਚ ਉਸ ਲਈ ਤੇ ਸਮੁੱਚੇ ਬੌਲੀਵੁੱਡ ਲਈ ਬੜਾ ਹੀ ਲਾਹੇਵੰਦ ਸਾਬਤ ਹੋਇਆ।



ਭਾਰਤੀ ਜਲ ਸੈਨਾ ਵਿੱਚ ਕਈ ਵਰ੍ਹੇ ਨੌਕਰੀ ਕਰਨ ਦੇ ਦੌਰਾਨ ਤੇ ਉਪਰੰਤ ਅਨੰਦ ਬਖ਼ਸ਼ੀ ਨੇ ਗੀਤਾਂ ਤੇ ਕਵਿਤਾਵਾਂ ਦੀ ਰਚਨਾ ਜਾਰੀ ਰੱਖੀ ਤੇ ਅਖ਼ੀਰ ਗੀਤਕਾਰ ਬਣਨ ਦੇ ਮਕਸਦ ਨਾਲ ਬੌਲੀਵੁੱਡ ਵਿੱਚ ਆ ਕਦਮ ਧਰਿਆ। ਉਸ ਨੂੰ 1957 ਵਿੱਚ ‘ਸ਼ੇਰੇ ਬਗ਼ਦਾਦ’ ਸਣੇ ਇੱਕਾ-ਦੁੱਕਾ ਫਿਲਮਾਂ ਵਿੱਚ ਗੀਤ ਲਿਖਣ ਦਾ ਮੌਕਾ ਮਿਲਿਆ ਪਰ ਮਾੜੀ ਮੋਟੀ ਪਛਾਣ 1958 ਵਿੱਚ ਆਈ ਫਿਲਮ ‘ਭਲਾ ਆਦਮੀ’ ਵਿੱਚ ਲਿਖੇ ਇੱਕ ਗੀਤ ਨਾਲ ਮਿਲੀ। “ਧਰਤੀ ਕੇ ਲਾਲ ਨਾ ਕਰ ਮਲਾਲ” ਦੇ ਬੋਲਾਂ ਵਾਲਾ ਇਹ ਗੀਤ ਅਨੰਦ ਬਖ਼ਸ਼ੀ ਦੀ ਹੀ ਆਵਾਜ਼ ਵਿੱਚ ਰਿਕਾਰਡ ਹੋਇਆ ਸੀ ਤੇ ਅਦਾਕਾਰ ਭਗਵਾਨ ਦਾਦਾ ‘ਤੇ ਫਿਲਮਾਇਆ ਗਿਆ ਸੀ। 1962 ਵਿੱਚ ਆਈ ਫਿਲਮ ‘ਮਹਿੰਦੀ ਲਗੇ ਮੇਰੇ ਹਾਥ’ ਵਿੱਚ ਉਸ ਦੇ ਰਚੇ ਗੀਤਾਂ ਨੇ ਉਸ ਦਾ ਨਾਂ ਲੋਕਾਂ ਦੇ ਬੁੱਲ੍ਹਾਂ ‘ਤੇ ਲੈ ਆਂਦਾ ਤੇ ਫਿਰ 1965 ਵਿੱਚ ‘ਜਬ ਜਬ ਫੂਲ ਖਿਲੇ’ ਤੇ ‘ਹਿਮਾਲਿਆ ਕੀ ਗੋਦ ਮੇਂ’ ਨਾਮਕ ਫਿਲਮਾਂ ਲਈ ਲਿਖੇ ਉਸ ਦੇ ਗੀਤਾਂ ਨੇ ਧੁੰਮਾਂ ਪਾ ਦਿੱਤੀਆਂ। ਗੀਤਕਾਰੀ ਦੇ ਆਪਣੇ ਸਮੁੱਚੇ ਸਫ਼ਰ ਵਿੱਚ ਅਨੰਦ ਬਖ਼ਸ਼ੀ ਨੇ ਛੇ ਸੌ ਤੋਂ ਵੱਧ ਫਿਲਮਾਂ ਲਈ ਸਾਢੇ ਤਿੰਨ ਹਜ਼ਾਰ ਦੇ ਕਰੀਬ ਗੀਤ ਰਚੇ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਗੀਤ ਸੁਪਰਹਿੱਟ ਤੇ ਯਾਦਗਾਰੀ ਰਹੇ। ‘ਜਿਸ ਗਲੀ ਮੇਂ ਤੇਰਾ ਘਰ ਨਾ ਹੋ ਬਾਲਮਾ’, ‘ਬਾਗ਼ੋਂ ਮੇਂ ਬਹਾਰ ਹੈ’, ‘ਬੜੇ ਅੱਛੇ ਲਗਤੇ ਹੈਂ’, ‘ਝਿਲਮਿਲ ਸਿਤਾਰੋਂ ਕਾ ਆਂਗਨ ਹੋਗਾ’, ‘ਕੋਰਾ ਕਾਗ਼ਜ਼ ਥਾ ਯੇ ਮਨ ਮੇਰਾ’, ‘ਯੇ ਸ਼ਾਮ ਮਸਤਾਨੀ’, ‘ਮੇਰੇ ਨੈਨਾ ਸਾਵਨ ਭਾਦੋਂ’, ‘ਮਸਤ ਬਹਾਰੋਂ ਕਾ ਮੈਂ ਆਸ਼ਿਕ’, ‘ਆ ਜਾ ਤੁਝ ਕੋ ਪੁਕਾਰੇ ਮੇਰੇ ਗੀਤ’, ‘ਓ ਮੇਰੀ ਮਹਿਬੂਬਾ’, ‘ਪਰਦੇਸੀਓਂ ਸੇ ਨਾ ਅੱਖੀਆਂ ਮਿਲਾਨਾ’, ‘ਕੁਛ ਤੋ ਲੋਗ ਕਹੇਂਗੇ’, ‘ਤੁਝੇ ਦੇਖਾ ਤੋ ਯੇ ਜਾਨਾ ਸਨਮ’, ‘ਜਾਨੇ ਕਿਉਂ ਲੋਗ ਮੁਹੱਬਤ ਕੀਆ ਕਰਤੇ ਹੈਂ’, ‘ਤੂ ਚੀਜ਼ ਬੜੀ ਹੈ ਮਸਤ ਮਸਤ’, ‘ਮੇਰੇ ਖ਼ਾਬੋਂ ਮੇਂ ਜੋ ਆਏ’, ‘ਖ਼ੁਸ਼ ਰਹੇ ਤੂ ਸਦਾ ਯੇ ਦੁਆ ਹੈ ਮੇਰੀ’, ‘ਪਿਆਰ ਕਰਨੇ ਵਾਲੇ ਕਭੀ ਡਰਤੇ ਨਹੀਂ’ ਅਤੇ ‘ਕੋਈ ਹਸੀਨਾ ਜਬ ਰੂਠ ਜਾਤੀ ਹੈ’ ਜਿਹੇ ਹਜ਼ਾਰਾਂ ਦਿਲਕਸ਼ ਗੀਤਾਂ ਦੇ ਰਚੇਤਾ ਅਨੰਦ ਬਖ਼ਸ਼ੀ ਦਾ ਨਾਂ ਚਾਲੀ ਵਾਰ ਫਿਲਮਫੇਅਰ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਸੀ ਤੇ ਚਾਰ ਵਾਰ ਉਹ ਇਹ ਉੱਚ-ਕੋਟੀ ਦਾ ਐਵਾਰਡ ਹਾਸਲ ਕਰਨ ਵਿੱਚ ਸਫਲ ਵੀ ਰਿਹਾ ਸੀ। ਲਕਸ਼ਮੀਕਾਂਤ-ਪਿਆਰੇ ਲਾਲ ਦੀ ਜੋੜੀ ਦੇ ਸੰਗੀਤ ਵਿੱਚ ਤਿੰਨ ਸੌ ਅਤੇ ਆਰ.ਡੀ. ਬਰਮਨ ਦੇ ਸੰਗੀਤ ਵਿੱਚ ਸੌ ਤੋਂ ਵੱਧ ਗੀਤ ਰਚਣ ਵਾਲੇ ਮਹਾਨ ਗੀਤਕਾਰ ਅਨੰਦ ਬਖ਼ਸ਼ੀ ਦੀ ਆਖ਼ਰੀ ਰਿਲੀਜ਼ ਫਿਲਮ ‘ਮਹਿਬੂਬਾ’ ਸੀ ਜੋ ਉਸ ਦੇ ਦੇਹਾਂਤ ਤੋਂ ਬਾਅਦ ਰਿਲੀਜ਼ ਹੋਈ ਸੀ। ਗਾਇਕ ਸ਼ੈਲੇਂਦਰ ਸਿੰਘ, ਕੁਮਾਰ ਸਾਨੂ ਅਤੇ ਕਵਿਤਾ ਕ੍ਰਿਸ਼ਨਾਮੂਰਤੀ ਦੇ ਕਰੀਅਰ ਦਾ ਪਲੇਠਾ ਗੀਤ ਰਚਣ ਵਾਲੇ ਇਸ ਗੀਤਕਾਰ ਦਾ 30 ਮਾਰਚ 2002 ਨੂੰ ਦੇਹਾਂਤ ਹੋ ਗਿਆ ਸੀ। ਅਨੰਦ ਬਖ਼ਸ਼ੀ ਦੀ ਇਹ ਵਿਸ਼ੇਸ਼ਤਾ ਰਹੀ ਕਿ ਉਸ ਨੇ ਨੌਸ਼ਾਦ ਦੇ ਸੰਗੀਤ ਨਿਰਦੇਸ਼ਨ ਵਿੱਚ ਵੀ ਗੀਤ ਲਿਖੇ ਤੇ ਏ.ਆਰ. ਰਹਿਮਾਨ ਤੇ ਨੁਸਰਤ ਫ਼ਤਿਹ ਅਲੀ ਖ਼ਾਂ ਦੇ ਸੰਗੀਤ ਵਿੱਚ ਵੀ ਸੁਰੀਲੇ ਗੀਤਾਂ ਦਾ ਤੋਹਫ਼ਾ ਸੰਗੀਤ ਪ੍ਰੇਮੀਆਂ ਦੀ ਝੋਲੀ ਪਾਇਆ।




ਲੜੀਵਾਰ...
ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼

## ਸਭੁ ਦੇਸੁ ਪਰਾਇਆ
(ਸਵੈ-ਜੀਵਨੀ)

# ਮੇਰਾ ਬੈਦੁ ਗੁਰੂ ਗੋਵਿੰਦਾ ॥

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਗਰੁ ਬਾਣੀ ਨਾਲ ਤਾਂ ਸਾਰੀ ਹੀ ਜ਼ਿੰਦਗੀ ਜੁੜਿਆ ਰਿਹਾ ਹਾਂ। ਪਰ ਆਤਮਿਕ ਅਨੰਦ ਦੇ ਝਲਕਾਰੇ ਕਦੇ ਕਦੇ ਹੀ ਵੱਜੇ ਹਨ। ਇਕ ਵਾਰੀ ਰਾਮਗੜ੍ਹ ਰਾਂਚੀ ਜਦੋਂ ਸੈਂਟਰ ਵਿਚ ਸਾਂ। ਉਦੋਂ ਵੀ ਮਨ ਬਹੁਤ ਚੜ੍ਹਦੀ ਕਲਾ ਵਿਚ ਸੀ। ਉਦੋਂ ਹੀ ਸੁਖਮਨੀ ਸਾਹਿਬ ਦਾ ਕਾਵਿ-ਟੀਕਾ ''ਸੁਖਮਨੀ ਸੁੱਖ'' ਕੀਤਾ। ਨੇੜੇ ਹੀ ਛੋਟੀਆਂ ਪਹਾੜੀਆਂ ਸਨ ਉਥੇ ਜਾਕੇ ਯਾਦ ਵਿਚ ਜੁੜਨਾ ਅਕਹਿ ਰਸ ਸੀ। ਹੁਣ ਜਦੋਂ ਪਲੱਸਤਰ ਲੱਗ ਗਿਆ ਤਾਂ ਇਕ ਦਿਨ ਦਿਨੇ ਪਾਠ ਕਰਦਾ ਸਾਂ ਜਪੁਜੀ ਸਾਹਿਬ ਜੀ ਦਾ ਜਦੋਂ ਚੌਵੀਵੀਂ ਪਉੜੀ ਤੇ ਪੁੱਜਾ ਪੰਕਤੀ ਆਈ "ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥" ਤਾਂ ਮਨ ਖਿੜ ਉਠਿਆ ਬੱਸ ਜਿਵੇਂ ਨਸ਼ਾ ਜਿਹਾ ਹੋ ਜਾਂਦਾ ਹੈ ਇਹੀ ਆਲਮ ਹੋ ਗਿਆ ਪਹਿਲੀ ਵਾਰੀ ਜ਼ਿਹਨ ਵਿਚ ਗੱਲ ਬੈਠੀ ਕਿ ਦੁੱਖਾਂ ਭੁੱਖਾ ਮਾਰਾਂ ਵੀ ਦਾਤਾਂ ਹੁੰਦੀਆਂ ਨੇ, ਜੇ ਪ੍ਰਮੇਸ਼ਰ ਯਾਦ ਆ ਜਾਵੇ। ਇਹ ਮਸਤੀ ਦਾ ਆਲਮ ਕੋਈ ਚਾਰ ਮਹੀਨੇ ਤਾਰੀ ਰਿਹਾ ਜਦ ਤੱਕ ਕਿ ਪਲੱਸਤਰ ਲੱਗਾ ਰਿਹਾ। ਮੈਂ ਕਮਰੇ ਵਿਚ ਕੌਛਾਂ ਵਜਾਉਂਦੇ ਫਉੜੀਆਂ ਨਾਲ ਨਚਣਾ ਤੇ ਇਹ ਪੰਕਤੀਆਂ ਪੜ੍ਹੀ ਜਾਣੀਆਂ। ਬਾਕੀ ਕੋਈ ਪਾਠ ਨਹੀਂ ਕੀਤਾ। ਜਪੁਜੀ ਸਾਹਿਬ ਵੀ ਨਹੀਂ। ਦੋ ਤੁੱਕਾਂ ਹੀ ਮੇਰਾ ਸਿਮਰਨ ਬਣ ਗਈਆਂ। ਜੋ ਆਤਮਿਕ

ਅਨੰਦ ਮੈਂ ਉਦੋਂ ਮਾਣਿਆ ਉਹ ਕਹਿਣ ਕਥਨ ਤੋਂ ਬਾਹਰ ਹੈ। ਜਦੋਂ ਬਾਣੀ ਸਮਝ ਆਉਂਦੀ ਹੈ ਤਾਂ ਮਨ ਜੁੜਨ ਲੱਗਦਾ ਹੈ। ਜੁੜੇ ਮਨ ਵਿਚ ਹੀ ਰੂਹਾਨੀ ਊਰਜਾ ਉਪਜਦੀ ਹੈ। ਇੱਛਾ ਸ਼ਕਤੀ ਬਲਵਾਨ ਹੁੰਦੀ ਹੈ ਤੇ ਕਈ ਵਾਰ ਤੁਹਾਡਾ ਚਿਤਵਿਆ ਸੁਤੇ ਸਿੱਧ ਹੀ ਪੂਰਾ ਹੋ ਜਾਂਦਾ ਹੈ। ਜੁੜਿਆ ਮਨ ਲੱਖਾਂ ਦਾ ਤੇ ਬਿਖਰਿਆ ਕੌਖਾਂ ਦਾ। ਗਰੁ ਬਾਣੀ ਦਾ ਪਾਠ ਤੇ ਵਿਚਾਰ ਹੀ ਮਨ ਦੇ ਟਿਕਾਓ ਦਾ ਸਾਧਨ ਬਣਦਾ ਹੈ। ਗਰੁ ਬਾਣੀ ਸਮਝ ਆਉਣ ਤੇ ਮਨ ਵਜਦ ਵਿਚ ਆ ਜਾਂਦਾ ਹੈ। ਖੇੜੇ ਵਿਚ ਆ ਜਾਂਦਾ ਹੈ। ਫਿਰ ਕੁਦਰਤ ਵਿਚੋਂ ਕਾਦਰ ਦੇ ਝਲਕਾਰੇ ਵਜਣੇ ਸ਼ੁਰੂ ਹੋ ਜਾਂਦੇ ਨੇ। ਪਰਾਈ ਤਾਤ ਵਿਸਰ ਜਾਂਦੀ ਹੈ। ਬੇਗਾਨੇ ਆਪਣੇ ਲੱਗਣ ਲੱਗ ਜਾਂਦੇ ਹਨ। ਭਾਈ ਨੰਦ ਲਾਲ ਜੀ ਦਾ ਫਾਰਸੀ ਵਿਚ ਇਕ ਸ਼ਿਅਰ ਹੈ; ਜਿਸਦੇ ਅਰਥ ਹਨ ਕਿ ਸਤਿਗੁਰੂ ਦੇ ਦਰ ਤੋਂ ਇਹ ਦ੍ਰਿਸ਼ਟੀ ਮਿਲੀ ਕਿ ਮਨੁੱਖ ਦਾ ਸ਼ਰੀਰ ਪ੍ਰਮਾਤਮਾ ਨੇ ਆਪਣੇ ਰਹਿਣ ਲਈ ਘਰ ਬਣਾਇਆ ਹੋਇਆ ਹੈ, ਇਹ ਆਤਮਿਕ ਸੁਆਦ ਅਕਹਿ ਹੈ। ਗੂੰਗੇ ਦੇ ਗੁੜ ਖਾਣ ਵਾਂਗ। ਇਹ ਵੀ

ਸੱਚ ਹੈ ਕਿ ਮਨ ਦੀ ਅਵੱਸਥਾ ਸਦਾ ਇਕੋ ਜਿਹੀ ਨਹੀਂ ਰਹਿੰਦੀ। ਗੁਰੂ ਵਾਕ ਹੈ:-

**ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥**
**ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥੨॥**

ਮਨ ਕਦੇ ਲੱਖਾਂ ਦੀ ਦੌਲਤ ਨੂੰ ਠੋਕਰ ਮਾਰ ਦਿੰਦਾ ਹੈ ਕਦੇ ਇਕ ਰੁਪਈਏ ਤੇ ਬੇਈਮਾਨ ਹੋ ਜਾਂਦਾ ਹੈ। ਕਦੇ ਸਜ ਵਿਆਹੀ ਦੀ ਲਾਵਾਂ ਵਿਚੇ ਛੱਡਕੇ ਗੁਰੂ ਨੂੰ ਮਿਲਣ ਤੁਰ ਪੈਂਦਾ ਹੈ, ਕਦੇ ਜ਼ਮਾਨੇ ਦੀ ਜੂਠ ਵੇਸਵਾ ਦੇ ਬੂਹੇ ਦੇ ਗੇੜੇ ਮਾਰਨ ਲੱਗ ਪੈਂਦਾ ਹੈ। ਇਹ ਮਨ ਦੀ ਫਿਤਰਤ ਹੈ। ਮਨ ਜਿੱਤ ਲਿਆ ਤਾਂ ਸਮਝੋ ਜੱਗ ਜਿੱਤ ਲਿਆ। ਦਾਰਾਸਲਾਮ ਵਿਚ ਵਕਤ ਸੋਹਣਾ ਗੁਜ਼ਰ ਰਿਹਾ ਸੀ। ਪਰ ਪੰਜਾਬ ਹਰਿਆਣੇ ਦੇ ਹਾਲਾਤ ਬਹੁਤ ਹੀ ਤਣਾਅ ਪੂਰਨ ਹੋ ਰਹੇ ਸਨ। ਉਨ੍ਹੀ ਦਿਨੀ ਮੇਰੀ ਧਰਮ ਪਤਨੀ ਕਮਲਜੀਤ ਕੌਰ ਨੇ ਇਕ ਚਿੱਠੀ ਡਾ: ਨੇਕੀ ਸਾਹਿਬ ਨੂੰ ਲਿਖੀ। ਉਹ ਜਾਣਦੀ ਸੀ ਕਿ ਜੇ ਕੋਈ ਸੱਚਾ ਹਮਦਰਦ ਹੈ ਤਾਂ ਉਹ ਕੇਵਲ ਡਾ: ਜਸਵੰਤ ਸਿੰਘ ਜੀ ਨੇਕੀ ਹਨ। ਉਸੇ ਦਿਨ ਸ਼ਾਮ ਨੂੰ ਦੋਵੇਂ ਜੀਅ ਡਾ: ਨੇਕੀ ਜੀ ਤੇ ਭੈਣ ਕੰਵਰਜੀਤ ਮੇਰੇ ਕੋਲ ਆਏ ਤੇ ਕਹਿਣ ਲਗੇ ਕਿ ਗਿਆਨੀ ਜੀ ਤੁਸੀਂ ਇਹ ਕੰਟੈਕਟ ਪੂਰਾ ਨਾ ਕਰੋ ਕਿਉਂ ਕਿ ਸਾਨੂੰ ਖਤ ਆਇਆ ਹੈ, ਤੁਹਾਡੀ ਜੀਵਨ ਸਾਥਣ ਦਾ। ਸਾਰਾ ਪਰਵਾਰ ਹੀ ਚਿੰਤਤ ਹੈ। ਆਲੇ ਦੁਆਲੇ ਦੇ ਸਿੱਖ ਪਰਵਾਰ ਪਜੰ ਾਬ ਨੂੰ ਪਲਾਇਨ ਕਰਨ ਦਾ ਸੋਚ



ਚਿੱਠੀ ਦੇ ਦਿੱਤੀ। ਮੈਂ ਸੋਚ ਵਿਚਾਰਕੇ ਅਸਤੀਫਾ ਲਿਖ ਕੇ ਚਿੱਠੀ ਨਾਲ ਗੁਰਦੁਆਰੇ ਦੇ ਪ੍ਰਧਾਨ ਨੂੰ ਦੇ ਦਿੱਤਾ। ਉਨ੍ਹਾਂ ਮੀਟਿੰਗ ਵਿਚ ਨਾ ਚਾਹੁੰਦਿਆਂ ਵੀ ਮੇਰਾ ਅਸਤੀਫਾ ਪਰਵਾਨ ਕਰ ਲਿਆ।

ਐਤਵਾਰ ਨੂੰ ਪ੍ਰਧਾਨ ਸਰਬਜੀਤ ਸਿੰਘ ਭਰੀਆ ਨੇ ਬੜੇ ਭਾਵੁਕ ਸ਼ਬਦਾਂ ਵਿਚ ਆਖਿਆ ਕਿ ਇਥੇ ਬਹੁਤ ਗਰੰਥੀ ਆਏ ਹਨ ਤੇ ਅਗਾਂਹ ਵੀ ਆਉਂਦੇ ਰਹਿਣ ਗੇ ਪਰ ਜੋ ਕੰਮ ਇੱਥੇ ਗਿਆਨੀ ਕੇਵਲ ਸਿੰਘ ਜੀ ਨੇ ਕੀਤੇ ਹਨ ਕੋਈ ਵੀ ਕਰ ਨਹੀਂ ਸਕਿਆ। ਸਾਨੂੰ ਪਾਠੀਆਂ ਦੀ ਤੇ ਕੀਰਤਨ ਵਾਲਿਆਂ ਦੀ ਹਮੇਸ਼ਾਂ ਥੁੜ ਰਹਿੰਦੀ ਸੀ ਹੁਣ ਬੱਚੇ ਜਵਾਨ ਤੇ ਬੁੱਢੇ ਪਾਠੀ ਵੀ ਬਹੁਤ ਇਨ੍ਹਾਂ ਬਣਾ ਦਿੱਤੇ ਨੇ ਕੀਤਰਨ ਕਰਨ ਲਈ ਬੱਚਿਆਂ ਨੂੰ ਵੀ ਸਿਖਲਾਈ ਦਿੱਤੀ ਹੈ। ਅਸੀਂ ਕਿਸੇ ਵੀ ਹਾਲਤ ਵਿਚ ਇਨ੍ਹਾਂ ਨੂੰ ਜਾਣ ਨਹੀਂ ਸੀ ਦੇਣਾ। ਪਰ ਸਭ ਨੂੰ ਆਪੱ ਆਪਣੇ ਪਰਵਾਰ ਪਿਆਰੇ ਹੁੰਦੇ ਹਨ। ਗਿਆਨੀ ਜੀ ਦਾ ਪਰਵਾਰ ਹਰਿਆਣੇ ਕੁਰਕਸ਼ੇਤਰ ਵਿਚ ਹੈ ਤੇ ਹਾਲਾਤ



ਰਹੇ ਹਨ। ਤੁਹਾਡੇ ਪਿਤਾ ਜੀ ਦਾ ਕਹਿਣਾ ਹੈ ਕਿ ਕੇਵਲ ਸਿੰਘ ਨੇ ਜੇ ਬਾਹਰ ਹੀ ਰਹਿਣਾ ਹੈ ਤਾਂ ਸਾਨੂੰ ਪੰਜਾਬ ਵਿਚ ਕਿਤੇ ਸੈਟ ਕਰ ਦੇਵੇ। ਬਾਹਰ ਖੇਤਾਂ ਵਿਚ ਬੈਠੇ ਹਾਂ ਬੱਚੇ ਛੋਟੇ ਹਨ ਜੇ ਪਾਕਿਸਤਾਨ ਵਾਲੇ ਹਾਲਾਤ ਬਣ ਗਏ ਤਾਂ ਬਹੁਤ ਹੀ ਮੁਸ਼ਕਲ ਹੋਵੇਗੀ। ਸਰਕਾਰ ਦੀ ਸ਼ਹਿ ਤੇ ਬਹੁ ਗਿਣਤੀ ਹਿੰਦੂਆਂ ਦੀ ਘੱਟ ਗਿਣਤੀ ਸਿੱਖਾਂ ਦਾ ਨੁਕਸਾਨ ਕਰ ਸਕਦੀ ਹੈ। ਉਨ੍ਹਾਂ ਮੈਨੂੰ ਘਰੋਂ ਆਈ

ਵਿਸਫੋਟਕ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਮਜਬੂਰ ਨਹੀਂ ਕਰ ਸਕਦੇ। ਹਾਂ ਬੇਨਤੀ ਜ਼ਰੂਰ ਕਰਦੇ ਹਾਂ ਕਿ ਜਦੋਂ ਇਨ੍ਹਾਂ ਦਾ ਪਰਵਾਰ ਪੰਜਾਬ ਵਿਚ ਕਿਤੇ ਵੀ ਸੈਟ ਹੋ ਜਾਵੇ ਤਾਂ ਦਾਰਾਸਲਾਮ ਦੀਆਂ ਸੰਗਤਾਂ ਇਨ੍ਹਾਂ ਨੂੰ ਫਿਰ ਇਥੇ ਜੀਉ ਆਇਆ ਕਹਿਣ ਲਈ ਹਮੇਸ਼ਾਂ ਤਤਪਰ ਰਹਿਣਗੀਆਂ ਸੰਗਤਾਂ ਨੇ ਮੈਨੂੰ ਉਪਹਾਰਾਂ ਨਾਲ ਲਦ ਦਿੱਤਾ। ਕੋਈ ਵੀ ਕਮੀ ਨਹੀਂ ਰਹਿਣ ਦਿੱਤੀ। ਉਥੇ ਇਕ ਸਰਦਾਰ ਜੀ. ਕੇ. ਜੇ. ਮੱਟਰਜ਼ ਵਿਚ ਮੈਨੇਜਰ ਸਨ ਤਿਰਲੋਚਨ ਸਿੰਘ ਜੀ। ਉਨ੍ਹਾਂ ਦਾ ਇੰਡੀਅਨ ਹਾਈ ਕਮਿਸ਼ਨ ਵਿਚ ਕਾਫੀ ਆਉਣ ਜਾਣ ਸੀ। ਉਨ੍ਹਾਂ ਮੈਨੂੰ ਹਦਾਇਤ ਕੀਤੀ ਕਿ ਤੁਸੀਂ ਦਿੱਲੀ ਏਅਰ ਪੋਰਟ ਤੇ ਨਾ ਉਤਰਿਓ। ਬੰਬੇ ਉਤਰਕੇ ਉਥੋਂ ਡੋਮੈਸਟਕ ਫਲਾਈਟ ਲੈ ਲਿਓ। ਦਿੱਲੀ ਵਾਲਿਆਂ ਤੁਹਾਨੂੰ ਉਦੋਂ ਹੀ ਚੁੱਕ ਲੈਣਾ ਹੈ। ਉਨ੍ਹਾਂ ਨੂੰ ਇਹ ਪਤਾ ਇਕ ਮਿੱਤਰ ਤੋਂ ਲੱਗਾ ਸੀ ਕਿ ਤਨਜ਼ਾਨੀਆਂ ਹਾਈ ਕਮਿਸ਼ਨ ਦੇ ਫਸਟ ਸੈਕਟਰੀ ਅਮਰਾਨੀਕਰ ਨੇ ਤੁਹਾਡੇ ਖਿਲਾਫ਼ ਕਾਫੀ ਕੁਝ ਲਿਖਕੇ ਇੰਡੀਆ ਗਵਰਮੈਂਟ ਨੂੰ ਭੇਜਿਆ ਹੋਇਆ ਹੈ। ਤੇ ਤੁਹਾਡੀ ਗ੍ਰਿਫਤਾਰੀ ਸੰਭਵ ਹੈ। ਇਲਜ਼ਾਮ ਤੁਹਾਡੇ ਤੇ ਇਹ ਲਾਇਆ ਹੈ ਕਿ ਕੇਵਲ ਸਿੰਘ 1984 ਤੋਂ ਬਾਦ ਇੰਡੀਆ ਗਵਰਮੈਂਟ ਦੇ ਬਰਖਿਲਾਫ ਏਥੋਂ ਦੇ ਸਿੱਖਾਂ ਨੂੰ ਭੜਕਾਉਂਦਾ ਹੈ। ਮੈਂ ਇਥੋਪੀਆ ਏਅਰ ਲਾਈਨਜ਼ ਤੇ ਬੰਬੇ ਆ ਗਿਆ ਤੇ ਉਥੇ ਹੀ ਕਸਟਮ ਕਰਵਾਕੇ ਦਿੱਲੀ ਲਈ ਲੋਕਲ ਫਲਾਈਟ ਲੈ ਲਈ ਤੇ ਰਾਜੀ ਖੁਸ਼ੀ ਪਰਵਾਰ ਵਿਚ ਪੁੱਜ ਗਿਆ। ਅੱਜ ਜਦੋਂ ਪਜੰ ਾਬ ਜਾਣਾ ਹੁੰਦਾ ਹੈ ਤਾਂ ਅਗੋਂ ਪਹਿਲਾਂ ਹੀ ਦਿੱਲੀ ਏਅਰ ਪੋਰਟ ਤੇ ਲੈਣ ਆਏ ਹੁੰਦੇ ਹਨ। ਉਦੋਂ ਦਿੱਲੀ ਤੋਂ ਕੁਰਕਸ਼ੇਤਰ ਵਾਲੀ ਬੱਸ ਤੇ ਸਮਾਨ ਸਹਿਤ ਆਇਆ। ਉਥੋਂ ਅਗਲੀ ਬੱਸ ਫੜਕੇ ਹੀਂਗਾਖੇੜੀ ਪਿੰਡ ਪੁੱਜਾ। ਸਮਾਨ ਖੱਤਰੀਆਂ ਦੀ ਆਟੇ ਵਾਲੀ ਚੱਕੀ ਤੇ ਰੱਖ ਬੈਗ ਲੈ ਕੇ ਘਰ ਪੁੱਜਾ। ਸਭ ਨੂੰ ਹੈਰਾਨੀ ਭਰੀ ਖੁਸ਼ੀ ਹੋਈ। ਫਿਰ ਮੇਰਾ ਵੱਡਾ ਭਰਾ ਨੌਕਰ ਨੂੰ ਨਾਲ ਲੈਕੇ ਪਿੰਡੋਂ ਸਮਾਨ ਲੈ ਕੇ ਆਇਆ। ਬਾਪੂ ਜੀ ਚਿੰਤਤ ਸਨ ਕਿਉਂ ਕਿ ਕੱਚੇ ਮਾਛੀਵਾੜੇ (ਮਾਛੀਵਾੜਾ ਸਾਹਿਬ ਤੋਂ ਬਹਿਰਾਮ ਪੁਰ ਬੇਲਾ ਰੋਡ ਤੇ ਕੋਈ 11-12 ਕਿਲੋਮੀਟਰ ਤੇ ਇਹ ਪਿੰਡ ਸਥਿੱਤ ਹੈ। ਉਥੋਂ ਰਾਜਪੂਤ ਜ਼ਮੀਨ ਦਾ ਵਟਾਂਦਰਾ ਕਰਕੇ ਇਧਰ ਆਉਣ ਲਈ ਨਿਤ ਹੀ ਚੱਕਰ ਮਾਰਦੇ ਸਨ। ਬਾਹਰ ਖੇਤਾਂ ਵਿਚ ਬੈਠੇ ਸਾਡੇ ਨਾਲ ਹੀ ਜ਼ਮੀਨ ਵਿਚ ਸਾਡੇ ਵਾਂਗ ਘਰ ਪਾਈ ਅਬੋਹਰ ਵੱਲ ਦੇ ਭਾਈ ਸਾਧਾ ਸਿੰਘ ਜੀ ਨਾਲ ਉਨ੍ਹਾਂ ਦੀ ਗੱਲ ਬਾਤ ਚੱਲ ਰਹੀ ਸੀ। ਦੋ ਹੋਰ ਪਰਿਵਾਰਾਂ ਇਕ ਗੁਰਾਇਆ ਪਰਵਾਰ ਤੇ ਦੂਸਰਾ ਚੱਠਾ ਪਰਵਾਰ ਉਨ੍ਹਾਂ ਦੀ ਵੀ ਗੱਲ ਚਲ ਰਹੀ ਸੀ। ਇਸ ਲਈ ਬਾਪੂ ਜੀ ਫਿਕਰ ਮੰਦ ਸਨ ਕਿ ਬਾਹਰ ਖੇਤਾਂ ਵਿਚ ਸਿਰਫ਼ ਅਸੀਂ ਹੀ ਰਹਿ ਜਾਣਾ ਹੈ। ਆਉਣ ਵਾਲੇ ਸਾਰੇ ਹੁੱਕੇ ਪੀਣ ਵਾਲੇ ਸਾਡਾ ਤਾਂ ਰਹਿਣਾ ਹੀ ਔਖਾ ਹੋ ਜਾਵੇਗਾ।

ਮੇਰੇ ਜਾਣ ਤੋਂ ਕੁਝ ਦਿਨਾਂ ਬਾਦ ਇਕ ਪਰਵਾਰ ਸਾਡੇ ਨਾਲ ਵੀ ਵਟਾਂਦਰਾ ਕਰਨ ਵਾਸਤੇ ਆ ਗਿਆ। ਇਸ ਦਾ ਨਾਮ ਅੱਛਰ ਸਿੰਘ ਰਾਣਾ ਸੀ। ਇਹ ਦੇਖਣ ਨੂੰ ਬੜਾ ਭਲਾ ਲਗਦਾ ਸੀ। ਸੀ ਵੀ ਚੰਗਾ ਇਸ ਨੂੰ ਨਾਲਦਿਆਂ ਦੀ ਚੱਕ ਮਾਰ ਗਈ। ਇਹ ਰਾਧਾ ਸੁਆਮੀ ਸੀ ਤੇ ਇਲਾਕੇ ਦਾ ਮੁਖੀ ਵੀ ਸੀ। ਇਸਦੇ ਛੋਟੇ ਭਰਾ ਧਰਮ ਸਿੰਘ ਰਾਣਾ ਨੇ ਸਾਡੇ ਗਵਾਂਢੀ ਨਾਲ ਸੌਦਾ ਕੀਤਾ ਸੀ। ਮੈਨੂੰ ਇਹ ਬਹੁਤ ਹੀ ਭਲਾ ਬੰਦਾ ਜਾਪਿਆ। ਮੈਨੂੰ ਅੱਛਰ ਸਿੰਘ ਰਾਣਾ ਕਹਿਣ ਲੱਗਾ ਕਿ ਵੇਖ ਕੇਵਲ ਸਿਆਂ ਤੂੰ ਵੀ ਧਰਮੀ ਬੰਦਾ ਹੈਂ ਤੇ ਮੈਂ ਵੀ। ਆਪਾਂ ਗੱਲ ਸਿੱਧੀ ਕਰਨੀ ਹੈ ਕੋਈ ਵਿਚੋਲਾ ਨਹੀਂ ਪਾਉਣਾ। ਮੈਂ ਕਿਹਾ ਜੇ ਗੱਲ ਧਰਮ ਦੀ ਹੈ ਤਾਂ ਧਰਮ ਤੇ ਪੱਕਾ ਰਹੀਂ। ਕਹਿੰਦਾ ਮੇਰਾ ਗਰੁ ਜ਼ਾਮਨ ਹੈ ਮੈਂ ਬਚਨਾਂ ਤੇ ਪੱਕਾ ਰਹਾਂਗਾ। ਮੈਂ ਕਿਹਾ ਕਿ ਸਾਨੂੰ ਪਹਿਲਾਂ ਕੱਚੇ ਮਾਛੀਵਾੜੇ ਜਾਕੇ ਤੁਹਾਡੀ ਜ਼ਮੀਨ ਦੇਖ ਆਉਣ ਦਿਓ ਫਿਰ ਗੱਲ ਕਰਾਂਗੇ।

ਚਲਦਾ....

52 YEARS OF EXCELLENCE
1973 THE LINK GROUP 2024
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 30 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Perry

# ਸਾਡੀ ਡਿਜ਼ੀਟਲ ਲਾਈਫ਼

**ਪ੍ਰੋ. ਕੁਲਬੀਰ ਸਿੰਘ**

ਐਜ਼ਰਾ ਕਲੇਨ 'ਦਾ ਨਿਊਯਾਰਕ ਟਾਈਮਜ਼' ਦਾ ਕਾਲਮਨਵੀਸ ਹੈ। ਚਰਚਿਤ ਪੱਤਰਕਾਰ ਹੈ ਅਤੇ 'ਐਜ਼ਰਾ ਕਲੇਨ ਸ਼ੋਅ' ਨਾਂਅ ਦਾ ਟੈਲੀਵਿਜ਼ਨ ਪ੍ਰੋਗਰਾਮ ਪੇਸ਼ ਕਰਦਾ ਹੈ। ਬੀਤੇ ਦਿਨੀਂ ਮੈਂ ਉਸਦਾ ਇਕ ਆਰਟੀਕਲ ਪੜ੍ਹ ਰਿਹਾ ਸਾਂ ਜਿਸ ਵਿਚ ਉਸਨੇ ਆਪਣੀ ਡਿਜ਼ੀਟਲ ਲਾਈਫ਼ ਵਿਚ ਜਮ੍ਹਾਂ ਹੋਏ ਕਬਾੜ ਦੇ ਢੇਰਾਂ ਦਾ ਜ਼ਿਕਰ ਕੀਤਾ ਸੀ। ਉਸਨੇ ਦੱਸਿਆ ਸੀ ਕਿ 10 ਲੱਖ ਦੇ ਕਰੀਬ ਈ ਮੇਲ ਬਿਨ੍ਹਾਂ ਪੜ੍ਹੇ ਪਈਆਂ ਹਨ। ਉਹ ਇਹ ਵੀ



ਜਾਣਦਾ ਹੈ ਕਿ ਉਨ੍ਹਾਂ ਵਿਚ ਯਕੀਨਨ ਕੁਝ ਜ਼ਰੂਰੀ ਈ ਮੇਲ ਵੀ ਹਨ। ਪਰ ਉਸਨੂੰ ਸਮਝ ਨਹੀਂ ਆ ਰਹੀ ਕਿ ਉਨ੍ਹਾਂ ਨੂੰ ਕਿਵੇਂ ਢੰਗ-ਸਿਰ ਕਰੇ ਅਤੇ ਜ਼ਰੂਰੀ ਦੀ ਛਾਂਟੀ ਕਰਕੇ ਉਨ੍ਹਾਂ ਨੂੰ ਪੜ੍ਹ ਸਕੇ। ਇਹਦੇ ਵਿਚ ਅਜਿਹੀ ਕੋਈ ਵੀ ਤਕਨੀਕੀ ਸਹੂਲਤ ਉਸਦੇ ਕੰਮ ਨਹੀਂ ਆ ਰਹੀ।

ਅਖ਼ੀਰ ਵਿਚ ਉਹ ਕਹਿੰਦਾ ਹੈ ਕਿ ਮੇਰੀ ਡਿਜ਼ੀਟਲ ਲਾਈਫ਼ ਬਾਗ਼-ਬਗੀਚੇ ਵਰਗੀ ਹੋਣੀ ਚਾਹੀਦੀ ਹੈ ਜਿੱਥੇ ਉਹ ਤਰੋਤਾਜ਼ਾ ਹੋਣ ਲਈ ਜਾਵੇ। ਨਾਲ ਹੀ ਪੁੱਛਦਾ ਹੈ - ਕੀ, ਅਜਿਹਾ ਸੰਭਵ ਹੈ? ਸੱਚਮੁਚ ਸਾਡੀ ਡਿਜ਼ੀਟਲ ਲਾਈਫ਼ ਬੜੀ ਗੁੰਝਲਦਾਰ, ਬੜੀ ਉਕਾਊ, ਬੜੀ ਤਣਾਓ ਭਰੀ ਹੋ ਗਈ ਹੈ। ਹਰ ਕੋਈ ਇਹਦੇ ਵਿਚ ਰਹਿਣਾ ਵੀ ਚਾਹੁੰਦਾ ਹੈ, ਨਹੀਂ ਵੀ ਰਹਿਣਾ ਚਾਹੁੰਦਾ। ਸੋਸ਼ਲ ਮੀਡੀਆ ਦੇ ਵੱਡੇ ਵੱਡੇ ਫੰਨੇ ਖਾਂ ਇਸਤੋਂ ਤੌਬਾ ਕਰ ਗਏ ਹਨ। ਫੇਸਬੁੱਕ ਦੇ ਧਨੰਤਰ ਇਸ ਨੂੰ ਅਲਵਿਦਾ ਕਹਿ ਗਏ ਹਨ। ਇੰਟਰਨੈੱਟ ਦੀ ਦੁਨੀਆਂ ਤੋਂ ਕਰੋੜਾਂ ਲੋਕ ਅੱਕੇ ਪਏ ਹਨ। ਈ ਮੇਲ, ਮੈਸਜ, ਵੱਟਸਐਪ ਦਾ ਕਚਰਾ ਸਾਫ਼ ਕਰ ਕਰ ਥੱਕੇ ਪਏ ਹਨ।

ਕੋਈ ਬੇਨਤੀਆਂ ਕਰ ਰਿਹਾ ਮੈਨੂੰ ਤੰਗ ਨਾ ਕਰੋ। ਕੋਈ ਤਰਲੇ ਲੈ ਰਿਹਾ ਮੈਨੂੰ ਬਲੋੜੇ ਮੈਸਜ ਨਾ ਭੇਜੋ। ਕੋਈ ਧਮਕੀਆਂ ਦੇ ਰਿਹਾ ਮੈਨੂੰ ਧੱਕੇ ਨਾਲ ਗਰੁੱਪਾਂ ਵਿਚ ਸ਼ਾਮਲ ਨਾ ਕਰੋ। ਡਿਜ਼ੀਟਲ ਲਾਈਫ਼ ਲੜਾਈ ਦਾ ਮੈਦਾਨ ਬਣ ਗਈ ਹੈ।

ਮੈਂ ਇਕ ਡਾਕਟਰ ਨੂੰ ਵੇਖਿਆ ਕਿ ਇਕ ਮਰੀਜ਼ ਤੋਂ ਦੂਸਰੇ ਮਰੀਜ਼ ਵਿਚਾਲੇ ਮਿਲਦੇ ਭੋਰਾ ਜਿਹੇ ਵਕਤ ਨੂੰ ਉਹ ਫਾਲਤੂ ਈ ਮੇਲ ਡਲੀਟ ਕਰਨ ਲਈ ਵਰਤ ਰਿਹਾ ਸੀ।

ਮਨੁੱਖ ਅਤੇ ਮਸ਼ੀਨ ਵਿਚ ਅੰਤਰ ਹੈ। ਇਹ ਕੁਦਰਤ ਦੀ ਸਿਰਜੀ ਹੋਈ ਮਸ਼ੀਨ ਹੈ। ਪਰ ਅਜੋਕੇ ਡਿਜ਼ੀਟਲ ਦੌਰ ਵਿਚ ਮਨੁੱਖ ਦੁਆਰਾ ਬਣਾਈਆਂ ਅਤੇ ਕੁਦਰਤ ਦੁਆਰਾ ਸਿਰਜੀ ਇਸ ਮਸ਼ੀਨ ਵਿਚਲਾ ਅੰਤਰ ਘੱਟਦਾ ਜਾ ਰਿਹਾ ਹੈ। ਜਦੋਂ ਤੁਸੀਂ ਸੋਸ਼ਲ ਮੀਡੀਆ 'ਤੇ ਕਿਸੇ ਨੂੰ ਬੁਰਾ ਭਲਾ ਕਹਿੰਦੇ ਹੋ, ਬੋਲ ਕਬੋਲ ਲਿਖਦੇ ਹੋ, ਗਾਲੀ ਗਲੋਚ ਕਰਦੇ ਹੋ। ਕਿਸੇ ਨੂੰ ਨਿਸ਼ਾਨਾ ਬਣਾ ਕੇ ਪੋਸਟਾਂ ਪਾਉਂਦੇ ਹੋ ਤਾਂ ਤੁਸੀਂ ਤੰਦਰੁਸਤ ਨਹੀਂ ਹੋ। ਕੋਈ ਨਾ ਕੋਈ ਸਰੀਰਕ ਮਾਨਸਿਕ ਵਿਗਾੜ ਉੱਭਰ ਆਏ ਹਨ ਅਤੇ ਉਹ ਡਿਜ਼ੀਟਲ ਲਾਈਫ਼ ਦੇ ਹੀ ਪੈਦਾ ਕੀਤੇ ਹੋਏ ਹਨ।

ਸ਼ੁਰੂ ਵਿਚ ਛੇਤੀ ਕੀਤੇ ਅਜਿਹਾ ਵਿਅਕਤੀ ਮੰਨਣ ਸਮਝਣ ਲਈ ਤਿਆਰ ਨਹੀਂ ਹੁੰਦਾ ਕਿ ਉਹ ਬੁਰੀ ਤਰ੍ਹਾਂ ਡਿਜ਼ੀਟਲ ਲਾਈਫ਼ ਵਿਚ ਘਿਰ ਗਿਆ ਹੈ। ਉਸਨੂੰ ਸੋਸ਼ਲ ਮੀਡੀਆ ਦੀ ਲੱਤ ਲੱਗ ਚੁੱਕੀ ਹੈ। ਉਹ ਰੋਜ਼ਾਨਾ ਇਕ ਦੋ ਪੋਸਟਾਂ ਪਾਏ ਬਿਨ੍ਹਾਂ ਰਹਿ ਨਹੀਂ ਸਕਦਾ। ਮਾਹਿਰ ਇਸ ਨੂੰ ਡਿਜ਼ੀਟਲ ਅਡਿਕਸ਼ਨ ਦਾ ਨਾਂ ਦਿੰਦੇ ਹਨ। ਤੁਸੀਂ ਆਪਣੇ ਜ਼ਰੂਰੀ ਕੰਮ ਛੱਡ ਕੇ ਵਾਰ ਵਾਰ ਸਮਾਰਟ ਫੋਨ ਖੋਲ੍ਹਦੇ ਹੋ। ਫੇਸਬੁੱਕ, ਵੱਟਸਐਪ, ਟਵਿੱਟਰ 'ਤੇ ਜਾਂਦੇ ਹੋ। ਸਟੇਟਸ ਚੈੱਕ ਕਰਦੇ ਹੋ। ਜਿਧਰ ਨਜ਼ਰ ਮਾਰੋ ਹਰ ਕੋਈ ਫੋਨ 'ਤੇ ਰੁੱਝਾ ਹੋਇਆ ਹੈ। ਬੈਠਾ ਹੋਇਆ, ਖੜੋਤਾ ਹੋਇਆ, ਤੁਰਦਾ ਹੋਇਆ, ਇਕੱਲਾ, ਗਰੁੱਪ ਵਿਚ। ਪਤਾ ਨਹੀਂ ਸ਼ੀਸ਼ੇ ਦੇ ਇਸ ਛੋਟੇ ਜਿਹੇ ਟੁਕੜੇ ਵਿਚੋਂ ਅਸੀਂ ਕੀ ਲੱਭਦੇ ਹਾਂ? ਇਸ ਨਕਲੀ ਸੰਸਾਰ ਵਿਚ ਕੀ ਗਵਾਚ ਗਿਆ ਹੈ ਸਾਡਾ? ਹਰ ਕਿਸੇ 'ਤੇ ਪ੍ਰਸਿੱਧ ਹੋਣ ਦੀ, ਚਰਚਿਤ ਹੋਣ ਦੀ, ਮਸ਼ਹੂਰ ਹੋਣ ਦੀ, ਵੱਡਾ ਵਿਅਕਤੀ ਦਿਸਣ ਦੀ ਧੁਨ ਸਵਾਰ ਹੈ। 80-85 ਫੀਸਦੀ ਪੋਸਟਾਂ ਬੇਕਾਰ ਹੁੰਦੀਆਂ ਹਨ। ਪੰਜਾਹ ਪ੍ਰਤੀਸ਼ਤ ਇਕ ਦੂਸਰੇ ਨੂੰ ਨੀਵਾਂ ਵਿਖਾਉਣ, ਗਿਲੇ ਸ਼ਿਕਵੇ ਪ੍ਰਗਟਾਣ, ਧਮਕੀਆਂ ਦੇਣ ਲਈ ਪਾਈਆਂ ਹੁੰਦੀਆਂ ਹਨ। ਦਸ-ਪੰਦਰਾਂ ਪ੍ਰਤੀਸ਼ਤ ਹੀ ਅਰਥ ਭਰਪੂਰ ਅਤੇ ਮਹੱਤਵਪੂਰਨ ਹੁੰਦੀਆਂ ਹਨ। ਚਿੰਤਾ, ਗੁੱਸਾ, ਡਰ, ਤਣਾਅ, ਡਿਪਰੈਸ਼ਨ, ਬਦਲੇ ਦੀ ਭਾਵਨ, ਘਬਰਾਹਟ ਡਿਜ਼ੀਟਲ ਲਾਈਫ਼ ਕਾਰਨ ਹਨ। ਇਨ੍ਹਾਂ ਕਾਰਨ ਅੱਗੋਂ ਅਨੇਕਾਂ ਸਰੀਰਕ ਮਾਨਸਿਕ ਬਿਮਾਰੀਆਂ ਦੇ ਰਾਹ-ਰਸਤੇ ਤਿਆਰ ਹੁੰਦੇ ਹਨ।

ਸਾਡਾ ਜੀਵਨ ਇੰਟਰਨੈੱਟ 'ਤੇ ਨਿਰਭਰ ਹੋ ਗਿਆ ਹੈ। ਡਿਜ਼ੀਟਲ ਲਾਈਫ਼ ਬਚਪਨ ਵਿਚ ਹੀ ਸ਼ਖ਼ਸੀਅਤ ਵਿਕਾਸ, ਯਾਦਸ਼ਕਤੀ, ਪੜ੍ਹਨ-ਲਿਖਣ ਯੋਗਤਾ, ਸੋਚਣ-ਸ਼ਕਤੀ ਅਤੇ ਇਕਾਗਰਤਾ ਨੂੰ ਪ੍ਰਭਾਵਤ ਕਰ ਰਹੀ ਹੈ।

ਬੇਲੋੜੀ, ਫਾਲਤੂ ਦੀ ਜਾਣਕਾਰੀ ਸਿਰ ਵਿਚ ਭਰੀ ਜਾਂਦੇ ਹਾਂ। ਜਦੋਂ ਇੰਟਰਨੈੱਟ ਨਹੀਂ ਸੀ, ਜਦੋਂ ਫੇਸਬੁਕ ਟਵਿੱਟਰ ਨਹੀਂ ਸਨ, ਕੀ ਉਦੋਂ ਜੀਵਨ ਨਹੀਂ ਸੀ। ਕੀ ਸਾਡੇ ਵੱਡੇ ਵਡੇਰੇ ਸਾਡੇ ਨਾਲੋਂ ਚੰਗਾ, ਖੁਸ਼, ਸਹਿਜ, ਤੰਦਰੁਸਤ ਜੀਵਨ ਨਹੀਂ ਸੀ ਜਿਊਂਦੇ? ਕੀ ਉਦੋਂ ਕਦੇ ਤਣਾਅ, ਡਿਪਰਸ਼ਨ ਬਾਰੇ ਕਿਸੇ ਨੇ ਸੁਣਿਆ ਸੀ?

ਜਾਣਕਾਰੀ ਦੀ ਵੰਨਸੁਵੰਨਤਾ ਐਨੀ ਵੱਧ ਗਈ ਹੈ ਕਿ ਸਹੀ ਗਲਤ ਦਾ ਨਿਰਣਾ ਕਰਨਾ ਕਠਿਨ ਹੋ ਗਿਆ ਹੈ। ਗੂਗਲ, ਐਮਾਜ਼ੋਨ, ਮਾਈਕਰੋਸਾਫ਼ਟ ਅਤੇ ਫੇਸਬੁੱਕ 'ਤੇ 1200 ਪੇਟਾਬਾਈਟਸ ਬਣਦੀ ਹੈ। ਇਕ ਟੇਰਾਬਾਈਟ 1000 ਗੀਗਾਬਾਈਟਸ ਦੇ ਬਰਾਬਰ ਹੈ। ਜਾਣਕਾਰੀ ਦੇ ਇਨ੍ਹਾਂ ਢੇਰਾਂ ਨਾਲ ਸਪਸ਼ਟਤਾ ਦੀ ਬਜਾਏ ਭਰਮ-ਭੁਲੇਖੇ ਵਧਦੇ ਹਨ। ਐਜ਼ਰਾ ਕਲੇਨ ਨੇ ਇਸਨੂੰ ਕਬਾੜ ਕਿਹਾ ਹੈ। ਨਿਯਮ-ਕਾਨੂੰਨ ਦੇ ਨਾਲ ਨਾਲ ਸਵੈ-ਜ਼ਾਬਤਾ ਵੀ ਹੈ। ਫਿਰ ਵੀ ਇਧਰੋਂ ਉਧਰੋਂ ਅਣਚਾਹੇ ਫੋਨ, ਮੈਸਜ, ਈ ਮੇਲ ਆਈ ਜਾ ਰਹੇ ਹਨ। ਉਨ੍ਹਾਂ ਨੂੰ ਵੇਖਣਾ ਪੜ੍ਹਨਾ ਤਾਂ ਵੱਖਰੀ ਗੱਲ, ਹਟਾਉਣ ਮਿਟਾਉ ਲਈ ਵੀ ਵਾਹਵਾ ਸਮਾਂ ਚਾਹੀਦਾ ਹੈ। ਉਹ ਸਮਾਂ ਕੋਈ ਕਿੱਥੋਂ ਲਿਆਵੇ? ਐਜ਼ਰਾ ਕਲੇਨ ਲਈ ਇਹ ਕਬਾੜ ਵੱਡੀ ਪ੍ਰੇਸ਼ਾਨੀ ਬਣ ਗਿਆ ਹੈ। ਮੇਰੇ ਲਈ ਵੀ। ਮੇਰੇ ਈਮੇਲ, ਮੈਸਜ, ਵੱਟਸਐਪ ਭਰੇ ਪਏ ਹਨ। ਆਓ ਡਿਜ਼ੀਟਲ ਲਾਈਫ਼ ਨੂੰ ਬਾਗ਼-ਬਗੀਚੇ ਵਰਗੀ ਬਣਾਈਏ ਜਿੱਥੇ ਤਰੋਤਾਜ਼ਾ ਹੋਣ ਲਈ ਜਾਈਏ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com

# 'ਦਿ ਰਾਜ, ਲਾਹੌਰ ਐਂਡ ਭਾਈ ਰਾਮ ਸਿੰਘ' ਯਾਦਗਾਰੀ ਕਿਤਾਬ ਜਲਦੀ ਹੀ ਐਮਾਜ਼ੋਨ 'ਤੇ ਲਾਂਚ ਕੀਤੀ ਜਾਵੇਗੀ

ਸਰੀ (ਹਰਦਮ ਮਾਨ) -ਪੰਜਾਬ ਵਿੱਚ ਬਸਤੀਵਾਦੀ ਦੌਰ ਦੇ ਇੱਕ ਉੱਘੇ ਆਰਕੀਟੈਕਟ ਭਾਈ ਰਾਮ ਸਿੰਘ ਦੇ ਜੀਵਨ ਅਤੇ ਵਿਰਾਸਤ 'ਤੇ ਰੌਸ਼ਨੀ ਪਾਉਂਦੀ 'ਦਿ ਰਾਜ, ਲਾਹੌਰ ਐਂਡ ਭਾਈ ਰਾਮ ਸਿੰਘ' ਯਾਦਗਾਰੀ ਰਚਨਾ ਜਲਦੀ ਹੀ ਐਮਾਜ਼ੋਨ 'ਤੇ ਲਾਂਚ ਕੀਤੀ ਜਾਵੇਗੀ ਅਤੇ ਦੁਨੀਆ ਭਰ ਦੇ ਪਾਠਕ ਇਸ ਨੂੰ ਪੜ੍ਹਨ ਦੀ ਸਹੂਲਤ ਮਾਣ ਸਕਣਗੇ। ਇਹ ਪੁਸਤਕ ਲਹਿੰਦੇ ਪੰਜਾਬ ਦੇ ਪ੍ਰੋ. ਪਰਵੇਜ਼ ਵੰਡਲ ਅਤੇ ਪ੍ਰੋ: ਸਾਜਿਦਾ ਵੰਡਲ ਦੀ ਖੋਜ ਭਰਪੂਰ ਰਚਨਾ ਹੈ। ਕੈਨੇਡਾ ਦੀ ਫੇਰੀ 'ਤੇ ਆਏ ਪੁਸਤਕ ਦੇ ਲੇਖਕ ਪ੍ਰੋ: ਪਰਵੇਜ਼ ਵੰਡਲ ਬੀਤੇ ਦਿਨ ਕੈਨੇਡੀਅਨ ਹਰਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਦੇ ਮੁਖੀ ਅਤੇ ਉੱਘੇ ਸਿੱਖ ਵਿਦਵਾਨ ਸਰਦਾਰ ਜੈਤੇਗ ਸਿੰਘ ਅਨੰਤ ਨੂੰ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਮਿਲੇ ਅਤੇ ਉਨ੍ਹਾਂ ਇਹ ਪੁਸਤਕ ਜੈਤੇਗ ਸਿੰਘ ਅਨੰਤ ਅਤੇ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਲੋਕ ਸੰਪਰਕ ਅਫ਼ਸਰ ਸੁਰਿੰਦਰ ਸਿੰਘ ਜੱਬਲ ਨੂੰ ਭੇਟ ਕੀਤੀ। ਇਸ ਮੌਕੇ ਦੋਹਾਂ ਕੈਨੇਡੀਅਨ ਸੰਸਥਾਵਾਂ ਨੇ ਕਿਤਾਬ ਦੇ ਇਤਿਹਾਸਕ ਮਹੱਤਵ ਨੂੰ ਪਛਾਣਦੇ ਹੋਏ ਉੱਤਰੀ ਅਮਰੀਕਾ ਵਿੱਚ ਇਸ ਦੇ ਸ਼ਾਨਦਾਰ ਰਿਲੀਜ਼ ਸਮਾਗਮ ਦੀ ਮੇਜ਼ਬਾਨੀ ਕਰਨ ਲਈ ਆਪਣੀ ਉਤਸੁਕਤਾ ਪ੍ਰਗਟਾਈ। ਪ੍ਰੋ. ਵੰਡਲ ਨੇ ਸਹਿਮਤੀ ਪ੍ਰਗਟ ਕਰਦਿਆਂ ਕਿਹਾ ਕਿ ਨਵੰਬਰ 2024 ਵਿੱਚ ਲਾਹੌਰ ਵਿੱਚ ਹੋਣ ਵਾਲੀ ਸਾਲਾਨਾ



"HAAP ਕਾਨਫਰੰਸ ਤੋਂ ਬਾਅਦ ਕਿਤਾਬ ਨੂੰ ਉੱਤਰੀ ਅਮਰੀਕਾ ਵਿੱਚ ਲਾਂਚ ਕੀਤਾ ਜਾਵੇਗਾ ਪ੍ਰੋ. ਵੰਡਲ ਨੇ ਦੱਸਿਆ ਕਿ 'ਦਿ ਰਾਜ,

ਲਾਹੌਰ ਐਂਡ ਭਾਈ ਰਾਮ ਸਿੰਘ' ਪੁਸਤਕ ਵਿਚ ਭਾਈ ਰਾਮ ਸਿੰਘ ਦੇ ਜੀਵਨ ਅਤੇ ਕੈਰੀਅਰ ਦੀ ਡੂੰਘਾਈ ਨਾਲ ਕੀਤੀ ਖੋਜ ਅਤੇ ਅੰਗਰੇਜ਼ੀ ਰਾਜ ਦੌਰਾਨ ਉਨ੍ਹਾਂ ਦੇ ਯਾਦਗਾਰੀ ਇਮਾਰਤਸਾਜ਼ੀ ਦੇ ਯੋਗਦਾਨ, ਅੰਮ੍ਰਿਤਸਰ ਤੋਂ ਉਨ੍ਹਾਂ ਦੀ ਨਿਮਾਣੀ ਸ਼ੁਰੂਆਤ ਤੋਂ ਲੈ ਕੇ ਲਾਹੌਰ ਵਿੱਚ ਸ਼ਾਨਦਾਰ ਕੈਰੀਅਰ ਤੱਕ ਦੇ ਸਫ਼ਰ ਨੂੰ ਦਰਸਾਇਆ ਗਿਆ ਹੈ। ਮੇਓ ਸਕੂਲ ਆਫ਼ ਆਰਟਸ ਵਿੱਚ ਜੌਹਨ ਲੌਕਵੁੱਡ ਕਿਪਲਿੰਗ ਵਰਗੇ ਦਿੱਗਜਾਂ ਨਾਲ ਉਨ੍ਹਾਂ ਦੀ ਸਾਂਝ ਅਤੇ ਆਪਣੇ ਸਮੇਂ ਦੇ ਇਕ ਸ਼ਾਨਦਾਰ ਆਰਕੀਟੈਕਟ ਦੇ ਰੂਪ ਵਿੱਚ ਉਨ੍ਹਾਂ ਦੇ ਉਭਾਰ, ਭਾਈ ਰਾਮ ਸਿੰਘ ਦੇ ਚਰਿੱਤਰ, ਕਾਰਜ ਅਤੇ ਪੇਸ਼ੇਵਰ ਸਫ਼ਰ ਦੀ ਖੋਜ ਭਰਪੂਰ ਜਾਣਕਾਰੀ ਵਾਲੀ ਇਹ ਕਿਤਾਬ ਆਰਕੀਟੈਕਚਰ, ਇਤਿਹਾਸ ਅਤੇ ਪੰਜਾਬੀ ਸੱਭਿਆਚਾਰ ਦੇ ਵਿਦਿਆਰਥੀਆਂ ਲਈ ਇਕ ਅਨਮੋਲ ਖ਼ਜ਼ਾਨਾ ਹੋਣ ਦਾ ਵਾਅਦਾ ਕਰਦੀ ਹੈ। ਪ੍ਰੋ. ਪਰਵੇਜ਼ ਵੰਡਲ ਨੇ ਇਹ ਵੀ ਖ਼ੁਲਾਸਾ ਕੀਤਾ ਕਿ "HAAP ਐਮਾਜ਼ੋਨ 'ਤੇ ਕਿਤਾਬ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਪੂਰੀ ਲਗਨ ਨਾਲ ਕੰਮ ਕਰ ਰਿਹਾ ਹੈ, ਜਿਸ ਨਾਲ ਵਿਸ਼ਵ-ਵਿਆਪੀ ਪੰਜਾਬੀ ਭਾਈਚਾਰਾ, ਅਕਾਦਮਿਕ ਅਤੇ ਆਰਕੀਟੈਕਚਰ ਭਾਈ ਰਾਮ ਸਿੰਘ ਦੀ ਵਿਰਾਸਤ ਨੂੰ ਜਾਣਨ ਦੇ ਚਾਹਵਾਨ ਵਿਦਿਆਰਥੀਆਂ ਲਈ ਇਸ ਦੀ ਆਸਾਨ ਪਹੁੰਚ ਦੀ ਸਹੂਲਤ ਮਿਲ ਸਕੇਗੀ।

## ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਸੁਰਜੀਤ ਸਿੰਘ ਮਿਨਹਾਸ ਨਹੀਂ ਰਹੇ

ਸਰੀ-ਇਹ ਗੱਲ ਉਦੋਂ ਦੀ ਹੈ, ਜਦੋਂ ਮੈਂ ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਪੜਦਾ ਸੀ। ਸਕੂਲੋਂ ਆਇਆ, ਤਾਂ ਘਰੇ ਇੱਕ ਸ਼ਖਸੀਅਤ ਮੌਜੂਦ ਸਨ, ਜਿਨਾਂ ਦੇ ਹੱਥ ਵਿੱਚ ਇੱਕ ਕਿਤਾਬ ਸੀ। ਉਸ ਦਾ ਸਿਰਲੇਖ ਸੀ 'ਸਾਡਾ ਵਿਰਸਾ ਸਾਡਾ ਗੌਰਵ'। ਇਹ ਕਿਤਾਬ ਉਹਨਾਂ ਮੈਨੂੰ ਬੜੇ ਪਿਆਰ ਨਾਲ ਦਿੱਤੀ ਅਤੇ ਪੜ੍ਹਨ ਵਾਸਤੇ ਕਿਹਾ। ਇਹ ਕਿਤਾਬ ਨੇ ਮੁਢਲੇ ਸਕੂਲੀ ਸਮੇਂ ਦੌਰਾਨ ਮੈਨੂੰ ਇਤਿਹਾਸਕ ਲੇਖਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ। ਦਰਅਸਲ ਇਸ ਦੇ ਲਿਖਾਰੀ ਸਨ ਸੁਰਜੀਤ ਸਿੰਘ ਮਨਿਹਾਸ ਸਪੀਕਰ ਪੰਜਾਬ ਵਿਧਾਨ ਸਭਾ। ਉਹ ਅੱਜ ਸਦੀਵੀ ਵਿਛੋੜਾ ਦੇ ਗਏ ਹਨ। ਵਿਚਾਰਧਾਰਕ ਵਖਰੇਵਿਆਂ ਦੇ ਬਾਵਜੂਦ ਉਹਨਾਂ ਨੂੰ ਸਭਨਾਂ ਵੱਲੋਂ ਪਿਆਰਿਆ ਸਤਿਕਾਰਿਆ ਜਾਂਦਾ ਸੀ। ਸਾਡੇ ਪਿਤਾ ਜੀ, ਭਾਈ ਹਰਪਾਲ ਸਿੰਘ ਲੱਖਾ ਨਾਲ ਉਹਨਾਂ ਦਾ ਸਤਿਕਾਰ ਰਿਹਾ। ਅੱਜ ਉਹਨਾਂ ਦੇ ਵਿਛੋੜੇ ਤੇ ਸ਼ਰਧਾਂਜਲੀ ਭੇਟ ਕਰ ਰਹੇ ਸਨ। ਸ. ਸੁਰਜੀਤ ਸਿੰਘ ਮਿਨਹਾਸ ਨੇ ਪੰਜਾਬ ਦੇ ਸੰਸਦੀ ਮਾਮਲਿਆਂ ਅਤੇ ਸਿੰਜਾਈ ਤੇ ਬਿਜਲੀ ਵਿਭਾਗਾਂ ਦੇ ਰਾਜ ਮੰਤਰੀ ਦੇ ਤੌਰ 'ਤੇ ਆਪਣੀਆਂ ਸੇਵਾਵਾਂ ਨਿਭਾਈਆਂ ਸਨ। ਉਨ੍ਹਾਂ ਕਿਹਾ ਕਿ ਸ. ਮਿਨਹਾਸ 02 ਜੂਨ, 1986 ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਚੁਣੇ ਗਏ। ਉਹ ਵੱਖ-ਵੱਖ ਰਾਜਨੀਤਿਕ ਅੰਦੋਲਨਾਂ ਵਿੱਚ ਸ਼ਾਮਲ ਰਹੇ ਅਤੇ ਉਨ੍ਹਾਂ ਨੇ ਵੱਖ-ਵੱਖ ਰਾਜਨੀਤਿਕ, ਧਾਰਮਿਕ ਅਤੇ ਵਿੱਦਿਅਕ ਕਾਨਫਰੰਸਾਂ ਵਿੱਚ ਹਿੱਸਾ ਲਿਆ। 'ਸਾਡਾ ਵਿਰਸਾ ਸਾਡਾ ਗੌਰਵ' ਅੱਜ ਵੀ ਮੇਰੇ ਕੋਲ ਹੈ। ਕੈਨੇਡਾ ਵਿੱਚ ਜਦੋਂ ਪ੍ਰਿੰਸੀਪਲ ਗਿਆਨ ਸਿੰਘ ਕੋਟਲੀ ਨਾਲ 1999 'ਚ ਮੁਲਾਕਾਤ ਹੋਈ, ਤਾਂ ਉਨਾਂ ਦੱਸਿਆ ਕਿ ਇਸ ਦੀ ਕਿਤਾਬ ਦੇ ਲੇਖ ਤਿਆਰ ਕਰਨ ਵਿੱਚ ਉਹਨਾਂ ਵੀ ਸਪੀਕਰ ਸਾਹਿਬ ਦਾ ਸਹਿਯੋਗ ਦਿੱਤਾ, ਕਿਉਂਕਿ ਉਸ ਵੇਲੇ ਉਹ ਸੁਰਜੀਤ ਸਿੰਘ ਮਨਿਹਾਸ ਨਾਲ ਸਹਿਯੋਗੀ ਰੂਪ ਵਿੱਚ ਵਿਧਾਨ ਸਭਾ ਵਿੱਚ ਕੰਮ ਕਰਦੇ ਸਨ।



## ਚੁੱਪ ਗੜੁੱਪ

ਬਰਾੜ-ਭਗਤਾ ਭਾਈ ਕਾ

001-604-751-1113

ਕਿਹੜੀ ਖੱਡ 'ਚ ਵੜ ਕੇ ਜਾ ਬੈਠੈਂ,
ਚੁੱਪ ਗੜੁੱਪ ਦਾ ਮੋਨ ਧਾਰਕੇ ਤੂੰ,
ਘੋੜੇ ਵੇਚ ਕੇ ਸੁੱਤੈਂ ਨੀਂਦ ਗੂਹੜੀ,
ਐਧਰ ਓਧਰ ਦੀਆਂ ਮਾਰ ਕੇ ਤੂੰ,

ਆ ਕੇ ਬਾਹਰ ਤਾਂ ਕੇਰਾਂ ਠੋਕ ਤਾੜੀ,
ਦੇ ਜਲਵਾ ਵਿਖਾ ਸੰਵਾਰ ਕੇ ਤੂੰ।
ਐਡੀ ਕਿਹੜੀ ਖੁੱਸ ਗੁਰਜ ਗਈ,
ਫਿਰੇਂ ਲੁਕਿਆ ਕਿਉਂ ਹਾਰ ਕੇ ਤੂੰ।

ਵਾਂਗ ਗਿੱਦੜਾਂ ਗਿਆਂ ਭੱਜ ਕਿੱਥੇ,
ਬੱਬਰ ਸ਼ੇਰਾਂ ਵਾਂਗ ਦਹਾੜ ਕੇ ਤੂੰ।
ਹੁਣ ਨੱਠਿਆਂ ਕਿਵੇਂ ਸਰੂ 'ਭਗਤਾ',
ਖਾ ਪੱਕੀ ਪਕਾਈ ਰਾੜ੍ਹ ਕੇ ਤੂੰ।

ਆਏ ਭਗਵੇਂ ਵੀ ਨਾ ਰਾਸ ਤੈਨੂੰ,
ਬਹਿ ਚਿੱਟੇ ਗਿਐਂ ਵਿਸਾਰ ਕੇ ਤੂੰ।
ਰੰਗ ਕਿਹੜਾ ਹੋਰ ਰੰਗਾਵਣੇ ਨੂੰ,
ਬੈਠੈਂ ਕਿੱਥੇ ਘੁੰਗਣੀ ਮਾਰ ਕੇ ਤੂੰ।





# ਫ਼ਿਲਮ 'ਲਾਹੌਰ 1947' ਨਾਲ ਪ੍ਰੀਤੀ ਜ਼ਿੰਟਾ ਦੀ ਵੱਡੇ ਪਰਦੇ 'ਤੇ ਵਾਪਸੀ

ਮੁੰਬਈ-ਬੌਲੀਵੁੱਡ ਅਦਾਕਾਰਾ ਪ੍ਰੀਤੀ ਜ਼ਿੰਟਾ ਵੱਡੇ ਪਰਦੇ 'ਤੇ ਵਾਪਸੀ ਕਰ ਰਹੀ ਹੈ। ਉਹ ਫਿਲਮ 'ਲਾਹੌਰ 1947' ਵਿੱਚ ਅਦਾਕਾਰ ਸਨੀ ਦਿਓਲ ਨਾਲ ਨਜ਼ਰ ਆਵੇਗੀ। ਇਸ ਫਿਲਮ ਦੇ ਨਿਰਦੇਸ਼ਕ ਰਾਜਕੁਮਾਰ ਸੰਤੋਸ਼ੀ ਹਨ ਅਤੇ ਵੱਡੇ ਪਰਦੇ 'ਤੇ ਲੰਮੇ ਸਮੇਂ ਬਾਅਦ ਵਾਪਸੀ ਕਰਨ ਵਾਲੀ ਪ੍ਰੀਤੀ ਜ਼ਿੰਟਾ ਲਈ ਇਹ ਫਿਲਮ ਅਹਿਮ ਮੰਨੀ ਜਾ ਰਹੀ ਹੈ। ਪ੍ਰੀਤੀ ਜ਼ਿੰਟਾ ਨੇ ਅੱਜ ਸੋਸ਼ਲ ਮੀਡੀਆ 'ਤੇ ਨਵੀਂ ਫਿਲਮ ਦੀਆਂ ਪਰਦੇ ਪਿਛਲੀਆਂ ਕੁਝ ਤਸਵੀਰਾਂ ਸਾਂਝੀਆਂ ਕਰਦਿਆਂ ਆਪਣੇ ਚਾਹੁਣ ਵਾਲਿਆਂ ਨੂੰ ਖ਼ੁਸ਼ੀ ਦੀ ਖ਼ਬਰ ਦਿੱਤੀ ਹੈ। ਪ੍ਰੀਤੀ ਨੇ ਆਪਣੇ ਦਰਸ਼ਕਾਂ ਨੂੰ ਸੈੱਟ ਦੀ ਝਲਕ ਵੀ ਦਿਖਾਈ ਹੈ। ਫਿਲਮ ਦੇ ਕਲੈਪਬੋਰਡ ਦੀ ਤਸਵੀਰ ਸਾਂਝੀ ਕਰਦਿਆਂ ਆਖਿਆ,"ਲਾਹੌਰ 1947 ਦੇ ਸੈੱਟ 'ਤੇ..!' ਇੱਕ ਹੋਰ ਤਸਵੀਰ ਵਿੱਚ ਅਦਾਕਾਰਾ ਫਿਲਮ ਦੇ ਨਿਰਦੇਸ਼ਕ ਰਾਜਕੁਮਾਰ ਸੰਤੋਸ਼ੀ ਨਾਲ ਨਜ਼ਰ ਆ ਰਹੀ ਹੈ। ਪ੍ਰੀਤੀ ਜ਼ਿੰਟਾ ਦੀ ਬੌਲੀਵੁੱਡ ਵਿੱਚ ਵਾਪਸੀ ਦੀ ਖ਼ਬਰ ਤੋਂ ਬਾਅਦ ਉਸ ਦੇ ਚਾਹੁਣ ਵਾਲੇ ਬਹੁਤ ਖ਼ੁਸ਼ ਹਨ। ਇਸ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਅਦਾਕਾਰਾ ਦੇ ਚਾਹੁਣ ਵਾਲਿਆਂ ਦੀਆਂ ਪ੍ਰਤੀਕਿਰਿਆਵਾਂ ਦਾ ਹੜ੍ਹ ਆ ਗਿਆ। ਪ੍ਰੀਤੀ ਜ਼ਿੰਟਾ ਦੇ ਚਾਹੁਣ ਵਾਲੇ ਉਸ ਨੂੰ ਬੌਲੀਵੁੱਡ ਦੀ 'ਰਾਣੀ' ਦੱਸਦੇ ਹੋਏ ਟਿੱਪਣੀਆਂ ਕਰ ਰਹੇ ਹਨ। ਜਾਣਕਾਰੀ ਅਨੁਸਾਰ ਫ਼ਿਲਮ 'ਲਾਹੌਰ 1947' ਆਮਿਰ ਖਾਨ ਦੇ ਬੈਨਰ ਹੇਠ ਪ੍ਰੋਡਿਊਸ ਕੀਤੀ ਜਾ ਰਹੀ ਹੈ ਅਤੇ ਇਹ ਸਨੀ ਦਿਓਲ ਅਤੇ ਆਮਿਰ ਖਾਨ ਪ੍ਰੋਡਕਸ਼ਨਜ਼ ਦੀ ਮਹੱਤਵਪੂਰਨ ਸਾਂਝ ਹੈ। ਇਸ ਫਿਲਮ ਦਾ ਪਿਛਲੇ ਅਕਤੂਬਰ ਮਹੀਨੇ ਐਲਾਨ ਕੀਤਾ ਗਿਆ ਸੀ। ਇਹ ਕਿਆਸ ਲਾਏ ਜਾ ਰਹੇ ਹਨ ਕਿ ਫਿਲਮ 'ਲਾਹੌਰ 1947' ਵਿਚ ਉੱਘੀ ਅਦਾਕਾਰਾ ਸ਼ਬਾਨਾ ਆਜ਼ਮੀ ਅਤੇ ਅਲੀ ਫਜ਼ਲ ਅਹਿਮ ਭੂਮਿਕਾ ਨਿਭਾਉਣਗੇ। ਇਸ ਫਿਲਮ ਵਿੱਚ ਸਨੀ ਦਿਓਲ ਨਾਲ ਉਸ ਦਾ ਪੁੱਤਰ ਕਰਨ ਦਿਓਲ ਵੀ ਨਜ਼ਰ ਆਵੇਗਾ।

# ਰਣਵੀਰ ਵੱਲੋਂ ਦੀਪਿਕਾ ਦੀ 'ਸਿੰਘਮ ਅਗੇਨ' ਦੀ ਝਲਕ ਸਾਂਝੀ

ਮੁੰਬਈ: ਅਦਾਕਾਰ ਰਣਵੀਰ ਸਿੰਘ ਆਪਣੀ ਆਉਣ ਵਾਲੀ ਨਵੀਂ ਫ਼ਿਲਮ 'ਸਿੰਘਮ ਅਗੇਨ' ਵਿੱਚ ਮੁੜ ਸੰਗਰਾਮ 'ਸਿੰਬਾ' ਭਾਲੇਰਾਓ ਦਾ ਕਿਰਦਾਰ ਨਿਭਾ ਰਿਹਾ ਹੈ ਤੇ ਉਸ ਦੀ ਪਤਨੀ ਦੀਪਿਕਾ ਪਾਦੂਕੋਨ ਫਿਲਮ 'ਚ ਪੁਲੀਸ ਅਫਸਰ ਸ਼ਕਤੀ ਸ਼ੈੱਟੀ ਦਾ ਕਿਰਦਾਰ ਨਿਭਾਅ ਰਹੀ ਹੈ। ਰਣਵੀਰ ਨੇ ਦੀਪਿਕਾ ਦੇ ਫ਼ਿਲਮ ਵਿਚਲੇ ਕਿਰਦਾਰ ਦੀ ਇੱਕ ਤਸਵੀਰ ਸਾਂਝੀ ਕੀਤੀ ਹੈ। ਅਦਾਕਾਰ ਨੇ ਇਸਟਾਗ੍ਰਾਮ 'ਤੇ ਦੀਪਿਕਾ ਦੀ ਪੁਲੀਸ ਦੀ ਵਰਦੀ ਵਾਲੀ ਤਸਵੀਰ ਸਾਂਝੀ ਕੀਤੀ ਹੈ ਜਿਸ ਵਿੱਚ ਦੀਪਿਕਾ 'ਸਿੰਘਮ' ਪੋਜ਼ 'ਚ ਖੜ੍ਹੀ ਹੈ। ਰਣਵੀਰ ਨੇ ਇਸ ਤਸਵੀਰ ਦੀ ਕੈਪਸ਼ਨ ਵਿੱਚ 'ਸ਼ੇਰਨੀ' ਲਿਖ ਕੇ ਸ਼ੇਰਨੀ ਵਾਲੀ ਇੱਕ ਇਮੋਜੀ ਵੀ ਪਾਈ ਹੈ। ਇਸ ਦੇ ਨਾਲ ਹੀ ਅਦਾਕਾਰ ਨੇ 'ਸਿੰਘਮ' ਫ਼ਿਲਮ ਦਾ ਗੀਤ ਵੀ ਲਾਇਆ ਹੋਇਆ ਹੈ। ਇਸ ਤੋਂ ਪਹਿਲਾਂ ਦੀਪਿਕਾ ਨੇ ਖ਼ੁਦ ਅਤੇ ਫ਼ਿਲਮ ਦੇ ਨਿਰਦੇਸ਼ਕ ਰੋਹਿਤ ਸ਼ੈੱਟੀ ਨੇ ਅਦਾਕਾਰਾ ਦੀ ਫਿਲਮ 'ਚੋਂ ਪਹਿਲੀ ਝਲਕ 19 ਅਪਰੈਲ ਨੂੰ ਸਾਂਝੀ ਕੀਤੀ ਸੀ। ਫਿਲਮ 'ਚੋਂ ਦੀਪਿਕਾ ਦੀ ਪਹਿਲੀ ਤਸਵੀਰ ਪਿਛਲੇ ਸਾਲ ਨਰਾਤਿਆਂ ਮੌਕੇ ਨਸ਼ਰ ਕੀਤੀ ਗਈ ਸੀ। ਇਸ ਤਸਵੀਰ 'ਚ ਦੀਪਿਕਾ ਨੇ ਇੱਕ ਗੁੰਡੇ ਨੂੰ ਵਾਲਾਂ ਤੋਂ ਫੜਿਆ ਹੋਇਆ ਹੈ ਤੇ ਪਿਸਤੌਲ ਉਸ ਦੇ ਮੂੰਹ 'ਚ ਪਾਈ ਹੋਈ ਹੈ।



# ਫ਼ਿਲਮ 'ਕਿਆਮਤ ਸੇ ਕਿਆਮਤ ਤੱਕ' ਮੇਰੇ ਲਈ ਬਹੁਤ ਖਾਸ-ਆਮਿਰ

ਮੁੰਬਈ: ਬੌਲੀਵੁੱਡ ਦੇ ਸੁਪਰਸਟਾਰ ਆਮਿਰ ਖਾਨ ਨੇ ਕਿਹਾ ਕਿ ਉਨ੍ਹਾਂ ਦੀ ਪਹਿਲੀ ਫ਼ਿਲਮ 'ਕਿਆਮਤ ਸੇ ਕਿਆਮਤ ਤੱਕ' ਹਿੰਦੀ ਸਿਨੇ ਜਗਤ 'ਚ ਇੱਕ ਮੀਲ ਪੱਥਰ ਸਾਬਤ ਹੋਈ ਹੈ ਤੇ ਇਸ ਫ਼ਿਲਮ ਨੂੰ ਪ੍ਰਸ਼ੰਸਕਾਂ ਦੇ ਮਿਲੇ ਪਿਆਰ ਕਾਰਨ ਇਹ ਫ਼ਿਲਮ ਹਮੇਸ਼ਾ ਉਸ ਲਈ ਖਾਸ ਰਹੀ ਹੈ।



ਦੱਸਣਯੋਗ ਹੈ ਕਿ ਜੂਹੀ ਚਾਵਲਾ ਤੇ ਆਮਿਰ ਦੀ ਇਸ ਰੋਮਾਂਟਿਕ ਫ਼ਿਲਮ ਦਾ ਨਿਰਦੇਸ਼ਨ ਮਨਸੂਰ ਖਾਨ ਨੇ ਕੀਤਾ ਸੀ। ਇਸ ਫ਼ਿਲਮ ਦੀ ਕਹਾਣੀ ਰੋਮੀਓ ਤੇ ਜੂਲੀਅਟ ਦੇ ਪਿਆਰ ਦੀ ਤਰ੍ਹਾਂ ਦੁੱਖਦਾਈ ਅੰਤ ਵਾਲੀ ਸੀ ਜੋ ਸਾਲ 1988 'ਚ ਰਿਲੀਜ਼ ਹੋਣ ਮਗਰੋਂ ਹਿੱਟ ਸਾਬਤ ਹੋਈ ਸੀ। ਆਮਿਰ ਖਾਨ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਉਹ ਕਾਮਯਾਬ ਹੋਣਗੇ ਜਾਂ ਨਹੀਂ ਪਰ ਉਹ ਤੇ ਮਨਸੂਰ ਜਦੋਂ ਵੀ ਫ਼ਿਲਮ ਦੇਖਦੇ ਸਨ ਤਾਂ ਇਸ ਵਿਚਲੀਆਂ ਖਾਮੀਆਂ ਲੱਭ ਕੇ ਉਨ੍ਹਾਂ 'ਤੇ ਚਰਚਾ ਕਰਨ 'ਚ ਬੈਠ ਜਾਂਦੇ ਹਨ। ਆਮਿਰ ਨੇ ਕਿਹਾ,"ਇਸ ਫ਼ਿਲਮ ਨੂੰ ਦਰਸ਼ਕਾਂ ਦਾ ਪਿਆਰ ਮਿਲਣ 'ਤੇ ਮੈਨੂੰ ਖ਼ੁਸ਼ੀ ਹੋਈ। ਮੈਂ ਸਮਝਦਾ ਹਾਂ ਕਿ 'ਕਿਆਮਤ ਸੇ ਕਿਆਮਤ ਤੱਕ' ਫ਼ਿਲਮ ਹਿੰਦੀ ਸਿਨੇਮਾ 'ਚ ਅਜਿਹਾ ਮੀਲ ਪੱਥਰ ਸਾਬਤ ਹੋਈ ਹੈ ਜਿਸ ਨੇ ਭਾਰਤੀ ਸਿਨੇਮਾ ਦੀ ਸੰਵੇਦਨਸ਼ੀਲਤਾ ਨੂੰ ਹੀ ਬਦਲ ਦਿੱਤਾ। ਸਾਲ 1988 ਤੋਂ ਬਾਅਦ ਹੀ ਅਜਿਹੀਆਂ ਕਹਾਣੀਆਂ ਦਾ ਰੁਝਾਨ ਵਧਿਆ, ਮੈਨੂੰ ਲੱਗਦਾ ਹੈ ਕਿ ਮਨਸੂਰ ਪਹਿਲਾ ਨਿਰਦੇਸ਼ਕ ਸੀ ਜਿਸ ਨੇ ਅਜਿਹੀਆਂ ਕਹਾਣੀਆਂ ਦੀ ਸ਼ੁਰੂਆਤ ਕੀਤੀ। ਇਸ ਕਰ ਕੇ ਇਹ ਮੇਰੇ ਲਈ ਹਰ ਪੱਖੋਂ ਇੱਕ ਖਾਸ ਫ਼ਿਲਮ ਹੈ।"


Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus BONUS* FREE LEGAL FEE & APPRAISAL
Our Symbol of Care & Service
Superior Mortgage
Unit 244-8138-128 Street, Surrey
604 507 1000





ਸ਼ੋਰ ਸਾਈਡ ਫਿਸ਼ ਕੈਨਰੀ
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
• ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।





ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold key INSURANCE

Explore Your Options

ਪੰਜਾਬੀ
हिंदी

**Number 1** in the Community **for 25 years.**

# Stop Paying Too Much!

Get **10 Quotes** instead of 1

Compare from the top Canadian Insurers



intact INSURANCE · Wawanesa Insurance · family INSURANCE · GORE MUTUAL › GO FORWARD · TRAVELERS · PEACE HILLS INSURANCE · MAX INSURANCE · AVIVA · MUTUAL FIRE INSURANCE · OPTIMUM.

HOME | AUTO | ICBC | CONDO | BUSINESS | TRUCKING | TENANTS | TRAVEL MEDICAL | MOTORBIKE | BOAT

CALL NOW

**604 502 0441**

**ICBC** ONLINE AND DELIVERY AVAILABLE.

**$50 VISA Gift Card for all quotes.**

($25 for Condo) No Obligations to purchase, let's try to save you money.

*Limited time offer.*

**SURREY**
**(604) 502 0441**
FAX (604) 502 0417
5-8430 128TH ST.
SURREY, BC
V3W 4G3

**NORTH VANCOUVER**
**(604) 635 2048**
FAX (604) 635 2049
110-845 MARINE DR.
NORTH VANCOUVER, BC
V7P 0A8

**VANCOUVER**
**(604) 325 1241**
FAX (604) 325 1414
4038 KNIGHT ST.
VANCOUVER, BC
V5N 5Y7

**OAKWEST**
**(604) 266 5533**
FAX (604) 266 2379
6260 EAST BLVD.
VANCOUVER, BC
V6M 3VJ

**OPEN 7 DAYS**

ICBC Autoplan

www.goldkeyinsurance.ca

GK

fruiticana hee jaana!
Your one and only Punjabi neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ

LOWEST PRICES IN TOWN

UNBEATABLE EXTRA SUPER SPECIAL
Rajan Mangoes (Haden) 4 kg
ਰਾਜਨ ਹੇਡਨ ਅੰਬ
$17.99 box

EXTRA SUPER SUPER SPECIAL
Large Eggplant
ਵੱਡੇ ਬਤਾਊਂ
99¢ ea.

Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.99 bag

SUPER SPECIAL
Yellow Onions 50 lbs
ਪੀਲੇ ਗੰਢੇ
$19.98 bag

SUPER SPECIAL
Happy Dairy Paneer 300 g
ਹੈਪੀ ਪਨੀਰ
$3.99 pkg.

Red Lentil Split or Whole
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ
88¢ lb

Gala Apples US #1
ਗਾਲਾ ਸੇਬ ਯੂ.ਐਸ. #੧
$1.39 lb

SUPER SPECIAL
Zucchini Squash
ਜ਼ੁਕੀਨੀ ਸਕੁਐਸ਼
88¢ lb

SUPER SPECIAL
Fine Cane Sugar (Indican) 4 lbs
ਗੰਨੇ ਦੀ ਖੰਡ 4lbs
$3.99 bag

Chickpeas
ਚਿੱਟੇ ਛੋਲੇ
98¢ lb

Fresh Ginger
ਤਾਜ਼ਾ ਅਦਰਕ
$1.48 lb

SUPER SPECIAL
Long Eggplants
ਲੰਬੇ ਬਤਾਊਂ
$1.49 lb

SUPER SPECIAL
Long English Cucumbers
ਲੰਬੇ ਇੰਗਲਿਸ਼ ਖੀਰੇ
2 for $1.50

Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle

KTC Chick Peas 398 ml
ਕੇ ਟੀ ਸੀ ਚਿੱਟੇ ਛੋਲੇ
99¢ can

Cilantro
ਧਣੀਆ
2 bunches for $1.29

Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
88¢ lb

Almonds #1 Large Size
ਵੱਡੇ ਬਦਾਮ
$3.98 lb

Indican Tea 216's
ਇੰਡੀਕਨ ਚਾਹ
$6.99 box

Large Seedless Oranges
ਵੱਡੇ ਸੰਗਤਰੇ (ਬਿਨਾ ਬੀਜ ਤੋਂ)
99¢ lb

Green Bell Peppers
ਹਰੀ ਸ਼ਿਮਲਾ ਮਿਰਚ
$1.28 lb

Rapini (Sarson da Saag)
ਸਰਸੋਂ ਦਾ ਸਾਗ
$2.79 bunch

Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ
(ਇੰਡੀਕੈਨ)
$3.98 bag

Product images may differ from the actual product.

Fri Apr 26, 2024 - Wed May 01, 2024
We reserve the right to limit the quantities while they last
Specials valid for Lower Mainland only

23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005

fruiticana SINCE 1994

BUSINESS HOURS
9 AM - 8 PM
7 DAYS A WEEK

THE SOUTH SURREY LOCATION WILL BE OPENING SOON!

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |